# Punjab Government Gazette

## EXTRAORDINARY

***Published by Authority***

CHANDIGARH, WEDNESDAY, SEPTEMBER 30, 2026

(ASVINA 8, 1948 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਪੰਜਾਬ ਗੰਨਾ (ਖਰੀਦ ਅਤੇ ਸਪਲਾਈ ਦਾ ਵਿਨਿਯਮਨ) ਐਕਟ, 1953 (1953 ਦਾ ਪੰਜਾਬ ਐਕਟ ਨੰ. XL) | ...1059-1068 |
| | 2. ਪੰਜਾਬ ਰਾਜ ਵਿਕਾਸ ਕਰ ਐਕਟ, 2018 (2018 ਦਾ ਪੰਜਾਬ ਐਕਟ ਨੰ. 11) | ...1069-1092 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

ਭਾਗ-1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 30 ਸਤੰਬਰ, 2026

**ਨੰ.70/ਭ:ਕ/2026.-** ਪੰਜਾਬ ਗੰਨਾ (ਖਰੀਦ ਅਤੇ ਸਪਲਾਈ ਦਾ ਵਿਨਿਯਮਨ) ਐਕਟ, 1953 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 30th September, 2026

**No.70/L.C./2026.-** The Translation in Punjabi of the Punjab Sugarcane (Regulation of Purchase and Supply) Act, 1953 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

## ਪੰਜਾਬ ਗੰਨਾ (ਖਰੀਦ ਅਤੇ ਸਪਲਾਈ ਦਾ ਵਿਨਿਯਮਨ) ਐਕਟ, 1953

(1953 ਦਾ ਪੰਜਾਬ ਐਕਟ ਨੰ: XL)

ਖੰਡ ਫੈਕਟਰੀਆਂ ਵਿੱਚ ਵਰਤੋਂ ਲਈ ਲੋੜੀਂਦੇ ਗੰਨੇ ਦੀ ਖਰੀਦ ਅਤੇ ਸਪਲਾਈ ਨੂੰ ਵਿਨਿਯਮਤ ਕਰਨ ਲਈ ਇੱਕ ਐਕਟ।

ਇਸ ਲਈ ਇਸ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣਾਇਆ ਜਾਂਦਾ ਹੈ:-

1. (1) ਇਸ ਐਕਟ ਨੂੰ ਪੰਜਾਬ ਗੰਨਾ (ਖਰੀਦ ਅਤੇ ਸਪਲਾਈ ਦਾ ਵਿਨਿਯਮਨ) ਐਕਟ, 1953 ਕਿਹਾ ਜਾ ਸਕੇਗਾ। ਸੰਖੇਪ ਨਾਂ, ਵਿਸਤਾਰ ਅਤੇ ਅਰੰਭ।

(2) ਇਸ ਦਾ ਵਿਸਤਾਰ ਪੂਰੇ ਪੰਜਾਬ ਰਾਜ 'ਤੇ ਹੈ।

(3) ਇਹ ਤੁਰੰਤ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ,- ਪਰਿਭਾਸ਼ਾਵਾਂ।

(1) "ਸੌਂਪਿਆ ਗਿਆ ਖੇਤਰ" ਦਾ ਮਤਲਬ ਹੈ ਇਸ ਐਕਟ ਦੇ ਅਧੀਨ ਇੱਕ ਫੈਕਟਰੀ ਨੂੰ ਸੌਂਪਿਆ ਗਿਆ ਖੇਤਰ;

(2) "ਬੋਰਡ" ਦਾ ਮਤਲਬ ਹੈ ਗੰਨਾ ਕੰਟਰੋਲ ਬੋਰਡ;

(3) "ਗੰਨਾ" ਦਾ ਮਤਲਬ ਹੈ ਫੈਕਟਰੀ ਵਿੱਚ ਵਰਤੋਂ ਲਈ ਚਿਤਵਤ ਗੰਨਾ;

(4) "ਗੰਨਾ ਕਮਿਸ਼ਨਰ" ਦਾ ਮਤਲਬ ਹੈ ਗੰਨਾ ਕਮਿਸ਼ਨਰ ਦੇ ਕਾਜਕਾਰਾਂ ਨੂੰ ਨਿਭਾਉਣ ਲਈ ਸਰਕਾਰ ਦੁਆਰਾ ਨਿਯੁਕਤ ਕੀਤਾ ਗਿਆ ਅਧਿਕਾਰੀ;

(5) "ਗੰਨਾ ਉਗਾਉਣ ਵਾਲੇ" ਦਾ ਮਤਲਬ ਹੈ ਵਿਅਕਤੀ ਜਿਸ ਵਿੱਚ ਇੱਕ ਮੁਜ਼ਾਰਾ ਸ਼ਾਮਲ ਹੈ, ਜੋ ਜਾਂ ਤਾਂ ਖੁਦ ਜਾਂ ਆਪਣੇ ਪਰਿਵਾਰ ਦੇ ਮੈਂਬਰਾਂ ਰਾਹੀਂ ਜਾਂ ਭਾੜੇ ਦੇ ਮਜ਼ਦੂਰਾਂ ਰਾਹੀਂ ਗੰਨੇ ਦੀ ਕਾਸ਼ਤ ਕਰਦਾ ਹੈ, ਅਤੇ ਜੋ ਗੰਨਾ ਉਗਾਉਣ ਵਾਲੀ ਸਹਿਕਾਰੀ ਸੋਸਾਇਟੀ ਦਾ ਮੈਂਬਰ ਨਹੀਂ ਹੈ;

(6) "ਗੰਨਾ ਉਗਾਉਣ ਵਾਲਿਆਂ ਦੀ ਸਹਿਕਾਰੀ ਸੋਸਾਇਟੀ" ਦਾ ਮਤਲਬ ਹੈ ਸਹਿਕਾਰੀ ਸੋਸਾਇਟੀਆਂ ਐਕਟ, 1912 ਦੇ ਅਧੀਨ ਰਜਿਸਟਰਸ਼ੁਦਾ ਇੱਕ ਸੋਸਾਇਟੀ, ਜਿਸ ਦਾ ਇੱਕ ਉਦੇਸ਼ ਆਪਣੇ ਮੈਂਬਰਾਂ ਦੁਆਰਾ ਉਗਾਏ ਗਏ ਗੰਨੇ ਨੂੰ ਵੇਚਣਾ ਹੈ;

(7) "ਕੁਲੈਕਟਰ" ਦਾ ਮਤਲਬ ਹੈ ਜ਼ਿਲ੍ਹੇ ਦੀ ਮੁੱਖ ਮਾਲੀਆ ਅਥਾਰਟੀ;

(8) "ਪਿੜਾਈ ਦੀ ਰੁੱਤ" ਦਾ ਮਤਲਬ ਹੈ ਕਿਸੇ ਕੈਲੰਡਰ ਸਾਲ ਵਿੱਚ 15 ਅਕਤੂਬਰ ਨੂੰ ਅਰੰਭ ਹੋਣ ਵਾਲੀ ਅਤੇ ਅਗਲੇ ਸਾਲ ਦੀ 30 ਜੂਨ ਨੂੰ ਅੰਤ ਹੋਣ ਵਾਲੀ ਮੁੱਦਤ;

(9) "ਫੈਕਟਰੀ" ਦਾ ਮਤਲਬ ਹੈ ਇੱਕ ਖੰਡ ਫੈਕਟਰੀ ਜਿੱਥੇ ਪੂਰਵਵਰਤੀ ਬਾਰਾਂ ਮਹੀਨਿਆਂ ਦੇ ਕਿਸੇ ਦਿਨ 20 ਜਾਂ ਇਸ ਤੋਂ ਵੱਧ ਕਾਮੇ ਕੰਮ ਕਰ ਰਹੇ ਹਨ ਜਾਂ ਕਰ ਰਹੇ ਸਨ, ਅਤੇ ਜਿਸਦੇ ਕਿਸੇ ਹਿੱਸੇ ਵਿੱਚ ਖੰਡ ਦੇ ਉਤਪਾਦਨ ਨਾਲ ਤੱਲਕ ਕੋਈ ਨਿਰਮਾਣ ਅਮਲ ਊਰਜਾ ਦੀ ਸਹਾਇਤਾ ਨਾਲ ਚਲਾਇਆ ਜਾ ਰਿਹਾ ਹੈ ਜਾਂ ਸਾਧਾਰਨ ਤੌਰ ਤੇ ਚਲਾਇਆ ਜਾਂਦਾ ਹੈ;

(10) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(11) "ਫੈਕਟਰੀ ਦੇ ਦਖ਼ੀਲਕਾਰ" ਦਾ ਮਤਲਬ ਹੈ ਉਹ ਵਿਅਕਤੀ ਜਿਸਦਾ ਇੱਕ ਫੈਕਟਰੀ ਦੇ ਮਾਮਲਿਆਂ ਤੇ ਕੰਟਰੋਲ ਹੈ, ਅਤੇ ਜਿੱਥੇ ਫੈਕਟਰੀ ਦੇ ਮਾਮਲੇ ਪ੍ਰਬੰਧ-ਏਜੰਟ ਨੂੰ ਸੌਂਪੇ ਜਾਂਦੇ ਹਨ, ਅਜਿਹਾ ਏਜੰਟ;

(12) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(13) "ਰਾਜ" ਦਾ ਮਤਲਬ ਹੈ ਪੰਜਾਬ ਰਾਜ।

ਗੰਨਾ ਕੰਟਰੋਲ ਬੋਰਡ।

3. (1) ਸਰਕਾਰ ਰਾਜ ਲਈ ਇੱਕ ਗੰਨਾ ਕੰਟਰੋਲ ਬੋਰਡ ਸਥਾਪਤ ਅਤੇ ਗਠਤ ਕਰੇਗੀ ਅਤੇ ਇਸ ਐਕਟ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਅਜਿਹੇ ਕਰਤੱਵ ਅਤੇ ਕਾਜਕਾਰ ਇਸਦੇ ਜ਼ਿੰਮੇ ਲਗਾਏਗੀ ਜੋ ਮੁਕੱਰਰ ਕੀਤੇ ਜਾਣ।

(2) ਬੋਰਡ ਪੰਦਰਾਂ ਮੈਂਬਰਾਂ ਤੋਂ ਮਿਲ ਕੇ ਬਣੇਗਾ।

(3) ਬੋਰਡ ਦੀ ਅਉਧ ਤਿੰਨ ਸਾਲ ਹੋਵੇਗੀ, ਪਰੰਤੂ ਸਰਕਾਰ ਬੋਰਡ ਨੂੰ ਉਸ ਦੀ ਅਉਧ ਗੁਜ਼ਰਨ ਤੋਂ ਪਹਿਲਾਂ ਭੰਗ ਕਰ ਸਕਦੀ ਹੈ ਜੇ ਉਹ ਤੁਸ਼ਟ ਹੋਵੇ ਕਿ ਇਸ ਤਰ੍ਹਾਂ ਕਰਨਾ ਜ਼ਰੂਰੀ ਹੈ।

(4) ਬੋਰਡ ਦੀ ਕੋਈ ਵੀ ਕਾਰਵਾਈ ਕੇਵਲ ਇਸ ਤੱਥ ਦੇ ਆਧਾਰ ਤੇ ਨਾਜਾਇਜ਼ ਨਹੀਂ ਹੋਵੇਗੀ ਕਿ ਜਿਸ ਸਮੇਂ ਅਜਿਹੀ ਕਾਰਵਾਈ ਹੋਈ ਸੀ, ਉਸ ਸਮੇਂ ਬੋਰਡ ਵਿੱਚ ਇੱਕ ਜਾਂ ਇੱਕ ਤੋਂ ਵੱਧ ਖਾਲੀ ਆਸਾਮੀ ਸੀ।

ਗੰਨਾ ਕਮਿਸ਼ਨਰ ਦੀ ਨਿਯੁਕਤੀ।

4. ਸਰਕਾਰ ਕਿਸੇ ਅਧਿਕਾਰੀ ਨੂੰ ਗੰਨਾ ਕਮਿਸ਼ਨਰ ਵਜੋਂ ਨਿਯੁਕਤ ਕਰ ਸਕਦੀ ਹੈ ਅਤੇ ਅਜਿਹੇ ਹੋਰ ਅਮਲੇ, ਬੌਡੀ ਜਾਂ ਕਮੇਟੀ ਦੀ ਨਿਯੁਕਤੀ ਵੀ ਕਰ ਸਕਦੀ ਹੈ ਜੋ ਇਸ ਐਕਟ ਦੇ ਅਧੀਨ ਕਿਸੇ ਕਰਤੱਵ ਜਾਂ ਕਾਜਕਾਰ ਨੂੰ ਨਿਭਾਉਣ ਲਈ ਜ਼ਰੂਰੀ ਹੋਵੇ।

ਇਸ ਐਕਟ ਦੇ ਪ੍ਰਯੋਜਨਾਂ ਲਈ 'ਦਖ਼ੀਲਕਾਰ' ਦਾ ਤੈਅ ਕਰਨਾ।

5. ਜਿੱਥੇ ਕਿਸੇ ਫੈਕਟਰੀ ਦਾ ਦਖ਼ੀਲਕਾਰ ਕੋਈ ਫ਼ਰਮ ਜਾਂ ਕੰਪਨੀ ਜਾਂ ਕੋਈ ਹੋਰ ਸਭਾ ਹੋਵੇ, ਉੱਥੇ ਇਸ ਦੇ ਭਾਈਵਾਲਾਂ ਜਾਂ ਡਾਇਰੈਕਟਰਾਂ ਜਾਂ ਮੈਂਬਰਾਂ ਵਿੱਚੋਂ ਕਿਸੇ ਵੀ ਇੱਕ ਤੇ ਇਸ ਐਕਟ ਅਧੀਨ ਉਸ ਅਪਰਾਧ ਲਈ ਮੁਕੱਦਮਾ ਚਲਾਇਆ ਜਾ ਸਕਦਾ ਹੈ ਅਤੇ ਸਜ਼ਾ ਦਿੱਤੀ ਜਾ ਸਕਦੀ ਹੈ ਜਿਸ ਲਈ ਫੈਕਟਰੀ ਦਾ ਦਖ਼ੀਲਕਾਰ ਸਜ਼ਾਯੋਗ ਹੈ:

ਪਰੰਤੂ ਅਜਿਹੀ ਫਰਮ ਜਾਂ ਕੰਪਨੀ ਜਾਂ ਸਭਾ ਗੰਨਾ ਕਮਿਸ਼ਨਰ ਨੂੰ ਇਹ ਨੋਟਿਸ ਦੇ ਸਕਦੀ ਹੈ ਕਿ ਉਸ ਨੇ ਇਸ ਐਕਟ ਦੇ ਪ੍ਰਯੋਜਨਾਂ ਲਈ ਆਪਣੇ ਕਿਸੇ ਭਾਈਵਾਲਾਂ ਜਾਂ ਡਾਇਰੈਕਟਰਾਂ ਜਾਂ ਮੈਂਬਰਾਂ ਵਿੱਚੋਂ ਕਿਸੇ ਇੱਕ ਨੂੰ ਫੈਕਟਰੀ ਦਾ ਦਖ਼ੀਲਕਾਰ ਨਾਮਜ਼ਦ ਕੀਤਾ ਹੈ ਅਤੇ ਅਜਿਹਾ ਵਿਅਕਤੀ ਇਸ ਐਕਟ ਦੇ ਪ੍ਰਯੋਜਨਾਂ ਲਈ ਉਦੋਂ ਤੱਕ ਦਖ਼ੀਲਕਾਰ ਸਮਝਿਆ ਜਾਵੇਗਾ ਜਦੋਂ ਤੱਕ ਗੰਨਾ ਕਮਿਸ਼ਨਰ ਨੂੰ ਉਸ ਦੀ ਨਾਮਜ਼ਦਗੀ ਰੱਦ ਕਰਨ ਵਾਲਾ ਅਗਲਾ ਨੋਟਿਸ ਪ੍ਰਾਪਤ ਨਹੀਂ ਹੋ ਜਾਂਦਾ।

ਏਜੰਟ ਦੀ ਨਿਯਕਤੀ।

6. (1) ਕਿਸੇ ਖੰਡ ਫੈਕਟਰੀ ਲਈ ਗੰਨਾ ਨਹੀਂ ਖਰੀਦਿਆ ਜਾਵੇਗਾ ਜਦ ਤੱਕ ਕਿ ਇਸ ਦੇ ਦਖ਼ੀਲਕਾਰ ਨੇ ਮੁਕੱਰਰ ਰੂਪ ਵਿੱਚ, ਗੰਨਾ ਕਮਿਸ਼ਨਰ ਨੂੰ ਅਜਿਹੇ ਇਰਾਦੇ ਦਾ ਨੋਟਿਸ ਭੇਜ ਕੇ, ਇੱਕ ਜਾਂ ਇੱਕ ਤੋਂ ਵੱਧ ਵਿਅਕਤੀਆਂ ਨੂੰ ਅਜਿਹੀਆਂ ਖਰੀਦਦਾਰੀਆਂ ਕਰਨ ਲਈ ਏਜੰਟ ਵਜੋਂ ਨਾਮਜ਼ਦ ਨਾ ਕੀਤਾ ਹੋਵੇ, ਅਤੇ ਗੰਨਾ ਕਮਿਸ਼ਨਰ ਨੂੰ ਲਿਖਤੀ ਪੂਰਵ ਨੋਟਿਸ ਦਿੱਤੇ ਬਿਨ੍ਹਾਂ ਕੋਈ ਏਜੰਟ ਬਦਲਿਆ ਨਹੀਂ ਜਾਵੇਗਾ।

(2) ਉਪ-ਧਾਰਾ (1) ਅਧੀਨ ਏਜੰਟ ਵਜੋਂ ਨਿਯੁਕਤ ਕੀਤਾ ਗਿਆ ਕੋਈ ਵਿਅਕਤੀ, ਜ਼ਮਾਨਤ ਵਜੋਂ ਇੱਕ ਹਜਾਰ ਰੁਪਏ ਦੀ ਰਕਮ ਨਕਦ ਜਾਂ ਸਰਕਾਰੀ ਪਰੋਨੋਟ ਵਿੱਚ ਜਮ੍ਹਾਂ ਕਰਵਾਏਗਾ ਅਤੇ ਕਿਸੇ ਵੀ ਵਿਅਕਤੀ ਨੂੰ ਉਦੋਂ ਤੱਕ ਏਜੰਟ ਵਜੋਂ ਨਿਯੁਕਤ ਨਹੀਂ ਸਮਝਿਆ ਜਾਵੇਗਾ ਜਦੋਂ ਤਕ ਅਜਿਹੀ ਰਕਮ ਜਮ੍ਹਾਂ ਨਹੀਂ ਕੀਤੀ ਜਾਂਦੀ ਅਤੇ ਉਸ ਨੂੰ ਮੁਕੱਰਰ ਤਰੀਕੇ ਅਨੁਸਾਰ ਲਸੰਸ ਨ ਦਿੱਤਾ ਗਿਆ ਹੋਵੇ।

ਖਰੀਦ ਏਜੰਟ ਨੂੰ ਲਸੰਸ ਦੇਣਾ।

7. (1) ਕੋਈ ਵਿਅਕਤੀ ਇਸ ਐਕਟ ਅਧੀਨ ਖਰੀਦ ਏਜੰਟ ਵਜੋਂ ਕੰਮ ਨਹੀਂ ਕਰੇਗਾ, ਜਦ ਤੱਕ ਕਿ ਉਸ ਨੂੰ ਅਜਿਹੇ ਤੌਰ ਤੇ ਮੁਕੱਰਰ ਤਰੀਕੇ ਨਾਲ ਲਸੰਸ ਨ ਦਿੱਤਾ ਗਿਆ ਹੋਵੇ।

(2) ਰਾਜ ਦੇ ਅੰਦਰ ਗੰਨੇ ਦੀ ਖਰੀਦ ਲਈ ਕਿਸੇ ਸੌਦੇ ਦੇ ਤੱਲਕ ਵਿੱਚ ਕੋਈ ਕਾਰਜ ਕਰਨ ਲਈ ਕਿਸੇ ਕਾਰਖਾਨੇ ਦੇ ਦਖ਼ੀਲਕਾਰ ਦੁਆਰਾ ਖਰੀਦ ਏਜੰਟ ਤੋਂ ਬਿਨ੍ਹਾਂ ਕਿਸੇ ਹੋਰ ਵਿਅਕਤੀ ਨੂੰ ਨਿਯੁਕਤ ਨਹੀਂ ਕੀਤਾ ਜਾਵੇਗਾ।

(3) ਉਪ-ਧਾਰਾ (1) ਅਧੀਨ ਕਿਸੇ ਵਿਅਕਤੀ ਨੂੰ ਲਸੰਸ ਨਹੀਂ ਦਿੱਤਾ ਜਾਵੇਗਾ, ਜਦੋਂ ਤੱਕ ਕਿ ਅਜਿਹੇ ਵਿਅਕਤੀ ਨੇ ਮੁਕੱਰਰ ਜਮ੍ਹਾਂ ਰਕਮ ਅਦਾ ਨ ਕੀਤੀ ਹੋਵੇ ਜਾਂ ਮੁਕੱਰਰ ਜ਼ਮਾਨਤ ਨ ਦਿੱਤੀ ਹੋਵੇ ਅਤੇ ਗੰਨਾ ਕਮਿਸ਼ਨਰ ਇਸ ਦੇ ਨਮਿੱਤ ਬਣਾਏ ਗਏ ਨਿਯਮਾਂ ਦੇ ਤਾਬੇ, ਲਸੰਸ ਦੀਆਂ ਕਿਸੇ ਸ਼ਰਤਾਂ ਦੇ ਭੰਗ ਹੋਣ ਦੀ ਸੂਰਤ ਵਿੱਚ, ਇਹ ਹੁਕਮ ਦੇ ਸਕਦਾ ਹੈ ਕਿ ਅਜਿਹੇ ਲਸੰਸ ਦੇ ਬਾਰੇ ਵਿੱਚ ਅਦਾ ਕੀਤੀ ਗਈ ਜਮ੍ਹਾਂ-ਰਕਮ ਜਾਂ ਦਿੱਤੀ ਗਈ ਜ਼ਮਾਨਤ ਸਰਕਾਰ ਕੋਲ ਜ਼ਬਤ ਹੋਵੇਗੀ ਜਾਂ ਮੁਕੱਰਰ ਮੁੱਦਤ ਤੋਂ ਪਹਿਲਾਂ ਵਾਪਸ ਨਹੀਂ ਕੀਤੀ ਜਾਵੇਗੀ ਜਾਂ ਅਜਿਹੀ ਜਮ੍ਹਾਂ-ਰਕਮ ਜਾਂ ਜ਼ਮਾਨਤ ਦਾ ਪੂਰਾ ਜਾਂ ਕੋਈ ਹਿੱਸਾ ਕਿਸੇ ਵਿਅਕਤੀ ਨੂੰ ਅਦਾ ਕੀਤਾ ਜਾਵੇਗਾ ਜਿਸਨੇ ਅਜਿਹੇ ਲਸੰਸੀ ਦੇ ਕਿਸੇ ਦੁਰਾਚਾਰ ਜਾਂ ਕੋਤਾਹੀ ਦੇ ਕਾਰਨ ਕੋਈ ਹਾਨ ਉਠਾਈ ਹੈ।

ਏਜੰਟ ਦੇ ਕਰਤੱਵ।

8. (1) ਖੰਡ ਕਾਰਖਾਨੇ ਦੇ ਏਜੰਟ ਜਾਂ ਏਜੰਟਾਂ ਨੂੰ ਰਾਜ ਦੇ ਅੰਦਰ ਇੱਕ ਜਾਂ ਵੱਧ ਥਾਵਾਂ ਤੇ, ਜਿਵੇਂ ਗੰਨਾ ਕਮਿਸ਼ਨਰ ਦੁਆਰਾ ਲੋੜਿਆ ਜਾਵੇ, ਇੱਕ ਦਫ਼ਤਰ ਰੱਖਣਾ ਹੋਵੇਗਾ, ਅਤੇ ਅਜਿਹੇ ਲੇਖੇ ਰੱਖਣਗੇ ਅਤੇ ਅਜਿਹੇ ਵਿਵਰਣ ਅਤੇ ਬਿਆਨ ਜਮ੍ਹਾਂ ਕਰਾਉਣਗੇ ਜਿਵੇਂ ਮੁਕੱਰਰ ਕੀਤੇ ਜਾਣ।

(2) ਜੇ ਦਖ਼ੀਲਕਾਰ ਜਾਂ ਏਜੰਟ-

(ੳ) ਇਰਾਦਤਨ ਕਿਸੇ ਦਸਤਾਵੇਜ਼ ਜਾਂ ਰਜਿਸਟਰ ਨੂੰ ਦੁਰੱਸਤ ਤਰੀਕੇ ਨਾਲ ਰੱਖਣ ਵਿੱਚ ਅਸਫ਼ਲ ਰਹਿੰਦਾ ਹੈ; ਜਾਂ

(ਅ) ਇਰਾਦਤਨ ਇਸ ਐਕਟ ਦੇ ਅਧੀਨ ਅਰੋਪੀ ਗਈ ਕਿਸੇ ਸ਼ਰਤ ਜਾਂ ਕਰਤੱਵ ਨੂੰ ਭੰਗ ਕਰਦਾ ਹੈ, ਤਾਂ ਉਹ ਹਰੇਕ ਅਜਿਹੀ ਅਸਫ਼ਲਤਾ ਜਾਂ ਭੰਗ ਲਈ ਜੁਰਮਾਨੇ ਨਾਲ ਜੋ ਦੋ ਹਜਾਰ ਰੁਪਏ ਤੱਕ ਹੋ ਸਕੇਗਾ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

ਉਲੰਘਣਾਵਾਂ ਲਈ ਡੰਨ ਜੋ ਹੋਰ ਤਰ੍ਹਾਂ ਉਪਬੰਧਤ ਨਹੀਂ ਹਨ।

9. ਕੋਈ ਵਿਅਕਤੀ ਜੋ ਐਕਟ ਜਾਂ ਇਸ ਅਧੀਨ ਬਣਾਏ ਕਿਸੇ ਨਿਯਮ ਦੇ ਕਿਸੇ ਵੀ ਉਪਬੰਧਾਂ ਦੀ ਉਲੰਘਣਾ ਕਰਦਾ ਹੈ, ਜਿਸ ਲਈ ਹੋਰ ਤਰ੍ਹਾਂ ਡੰਨ ਉਪਬੰਧਤ ਨਹੀਂ ਹੈ, ਉਹ ਜੁਰਮਾਨੇ ਨਾਲ ਜੋ ਦੋ ਹਜਾਰ ਰੁਪਏ ਤੱਕ ਹੋ ਸਕਦਾ ਹੈ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

10. (1) ਗੰਨਾ ਕਮਿਸ਼ਨਰ ਕਿਸੇ ਵੀ ਕਾਰਖ਼ਾਨੇ ਦੇ ਦਖ਼ੀਲਕਾਰ ਨੂੰ ਹੁਕਮ ਦੇ ਸਕਦਾ ਹੈ ਕਿ ਉਹ ਕਿਸੇ ਖ਼ਾਸ ਪਿੜਾਈ ਰੁੱਤ ਦੌਰਾਨ ਆਪਣੇ ਕਾਰਖ਼ਾਨੇ ਲਈ ਚਿਤਵਤ ਖਰੀਦੇ ਜਾਣ ਵਾਲੇ ਗੰਨੇ ਦੀ ਮਾਤਰਾ ਦਾ ਅਨੁਮਾਨ ਕਿਸੇ ਉਲਿਖਤ ਤਰੀਕ ਨੂੰ ਜਾਂ ਇਸ ਤੋਂ ਪਹਿਲਾਂ ਉਸ ਕੋਲ ਪੇਸ਼ ਕਰੇ। ਫੈਕਟਰੀ ਦੁਆਰਾ ਲੋੜੀਂਦੀ ਗੰਨੇ ਦੀ ਮਾਤਰਾ ਦਾ ਅਨੁਮਾਨ।

(2) ਅਨੁਮਾਨ ਪ੍ਰਾਪਤ ਹੋਣ ਤੇ, ਗੰਨਾ ਕਮਿਸ਼ਨਰ ਇਸ ਨੂੰ ਗੰਨਾ ਕੰਟਰੋਲ ਬੋਰਡ ਨੂੰ ਉਸ ਦੀ ਪ੍ਰਵਾਨਗੀ ਲਈ ਪੇਸ਼ ਕਰਨਾ ਕਾਰਤ ਕਰੇਗਾ। ਗੰਨਾ ਕੰਟਰੋਲ ਬੋਰਡ ਅਨੁਮਾਨ ਦੀ ਪੁਸ਼ਟੀ, ਰੂਪਭੇਦ ਜਾਂ ਨਾ-ਮਨਜ਼ੂਰ ਕਰਨ ਦੇ ਸ਼ਕਤਵਾਨ ਹੋਵੇਗਾ, ਅਤੇ ਇਸ ਨੂੰ ਨਾ-ਮਨਜ਼ੂਰ ਕਰਨ ਦੀ ਸੂਰਤ ਵਿੱਚ, ਉਹ ਖੇਤਰ ਸੌਂਪਣ ਲਈ ਸ਼ਕਤਵਾਨ ਹੋਵੇਗਾ, ਜਿੱਥੋਂ ਗੰਨਾ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ 'ਤੇ, ਖਰੀਦਿਆ ਜਾ ਸਕੇਗਾ ਜਿਵੇਂ ਉਹ ਉਚਿਤ ਸਮਝੇ।

(3) ਜੇ ਗੰਨਾ ਕੰਟਰੋਲ ਬੋਰਡ ਦੀ ਰਾਇ ਹੈ ਕਿ ਕਿਸੇ ਖੇਤਰ ਨੂੰ ਕਿਸੇ ਕਾਰਖ਼ਾਨੇ ਨੂੰ ਸੌਂਪਣ ਦੇ ਪ੍ਰਯੋਜਨ ਲਈ ਸਰਵੇਖਣ ਜ਼ਰੂਰੀ ਹੈ ਤਾਂ ਗੰਨਾ ਕਮਿਸ਼ਨਰ ਅਜਿਹੇ ਸਰਵੇਖਣ ਕੀਤਾ ਜਾਣਾ ਕਾਰਤ ਕਰੇਗਾ ਅਤੇ ਨਤੀਜਾ ਗੰਨਾ ਕੰਟਰੋਲ ਬੋਰਡ ਨੂੰ ਰਿਪੋਟ ਕਰੇਗਾ। ਅਜਿਹੇ ਸਰਵੇਖਣ ਦੀ ਲਾਗਤ ਅਜਿਹੇ ਕਾਰਖ਼ਾਨੇ ਦੇ ਦਖ਼ੀਲਕਾਰ ਦੁਆਰਾ ਅਦਾਇਗੀਯੋਗ ਹੋਵੇਗੀ।

11. (1) ਇਸ ਵਿੱਚ ਇਸ ਤੋਂ ਪਹਿਲਾਂ ਜ਼ਿਕਰ ਕੀਤਾ ਹਰੇਕ ਸਰਵੇਖਣ ਗੰਨਾ ਕਮਿਸ਼ਨਰ ਦੁਆਰਾ ਅਧਿਕਾਰਤ ਕੀਤੇ ਗਏ ਅਧਿਕਾਰੀ ਦੁਆਰਾ ਮੁਕੱਰਰ ਤਰੀਕੇ ਨਾਲ ਕੀਤਾ ਜਾਵੇਗਾ। ਖੇਤਰ ਦਾ ਸਰਵੇਖਣ।

(2) ਕਿਸੇ ਖੇਤਰ ਵਿੱਚ ਭੋਂ ਦੀ ਮਾਲਕੀ ਰੱਖਣਵਾਲਾ ਜਾਂ ਦਖ਼ੀਲਕਾਰ ਹਰੇਕ ਵਿਅਕਤੀ, ਜਿਸ ਖੇਤਰ ਦੇ ਬਾਰੇ ਵਿੱਚ ਸਰਵੇਖਣ ਕੀਤਾ ਜਾ ਰਿਹਾ ਹੈ, ਉਕਤ ਸਰਵੇਖਣ ਕਰਨ ਲਈ ਸਰਵੇਖਣ ਕਰਨ ਵਾਲੇ ਅਧਿਕਾਰੀ ਨੂੰ ਅਜਿਹੀ ਸਹਾਇਤਾ ਅਤੇ ਸਹੂਲਤਾਂ ਦੇਵੇਗਾ ਜਿਵੇਂ ਕਿ ਜ਼ਰੂਰੀ ਹੋਵੇ।

(3) ਸਰਵੇਖਣ ਦੇ ਬਾਰੇ ਵਿੱਚ ਕਾਰਖ਼ਾਨੇ ਦੇ ਦਖ਼ੀਲਕਾਰ ਵੱਲੋਂ ਦੇਣਯੋਗ ਕੋਈ ਰਕਮ ਅਜਿਹੇ ਦਖ਼ੀਲਕਾਰ ਤੋਂ ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲਣਯੋਗ ਹੋਵੇਗੀ।

12. ਸਰਕਾਰ, ਗੰਨਾ ਕੰਟਰੋਲ ਬੋਰਡ ਦੀ ਸਿਫ਼ਾਰਸ਼ ਤੇ, ਅਜਿਹੀ ਅਧਿਸੂਚਨਾ ਵਿੱਚ ਉਲਿਖਤ ਕੀਤੇ ਗਏ ਕਿਸੇ ਖੇਤਰ ਵਿੱਚ ਉਗਾਈ ਗਈ ਕਿਸੇ ਵੀ ਕਿਸਮ ਦੇ ਗੰਨੇ ਨੂੰ ਸਾਰਿਆਂ ਜਾਂ ਕਿਸੇ ਵੀ ਕਾਰਖ਼ਾਨਿਆਂ ਲਈ ਅਣਉਚਿਤ ਐਲਾਨ ਸਕਦੀ ਹੈ, ਅਤੇ ਕੋਈ ਵੀ ਏਜੰਟ ਆਪਣੇ ਕਾਰਖ਼ਾਨੇ ਲਈ ਅਣਉਚਿਤ ਐਲਾਨੇ ਗਏ ਕਿਸੇ ਗੰਨੇ ਨੂੰ ਖਰੀਦਣ ਲਈ ਸ਼ਕਤਵਾਨ ਨਹੀਂ ਹੋਵੇਗਾ। ਗੰਨੇ ਦੀਆਂ ਕਿਸਮਾਂ ਨੂੰ ਕਾਰਖ਼ਾਨਿਆਂ ਵਿੱਚ ਵਰਤੋਂ ਲਈ ਅਣਉਚਿਤ ਘੋਸ਼ਿਤ ਕਰਨ ਦੀਆਂ ਸਕਤੀਆਂ।

ਕੁੱਝ ਖ਼ਾਸ ਕਿਸਮਾਂ ਦੇ ਗੰਨੇ-ਬੀਜ ਦੀ ਵੰਡ ਤੇ ਪਾਬੰਦੀ।

13. (1) ਕਿਸੇ ਫੈਕਟਰੀ ਦਾ ਦਖ਼ੀਲਕਾਰ ਜਾਂ ਉਸ ਦੇ ਨਮਿੱਤ ਕਾਰਜ ਕਰਨ ਵਾਲਾ ਕੋਈ ਹੋਰ ਵਿਅਕਤੀ ਕਿਸੇ ਵੀ ਖੇਤਰ ਵਿੱਚ ਗੰਨਾ ਉਗਾਉਣ ਵਾਲਿਆਂ ਜਾਂ ਗੰਨਾ ਉਗਾਉਣ ਵਾਲੀਆਂ ਸਹਿਕਾਰੀ ਸੋਸਾਇਟੀਆਂ ਦੇ ਮੈਂਬਰਾਂ ਦੁਆਰਾ ਵਰਤੇ ਜਾਣ ਲਈ ਕਿਸੇ ਕਿਸਮ ਦੇ ਗੰਨੇ-ਬੀਜ ਨੂੰ ਕਿਸੇ ਵੀ ਵਿਅਕਤੀ ਨੂੰ ਨਹੀਂ ਵੰਡੇਗਾ, ਜੇ ਇਸ ਨੂੰ ਇਸ ਐਕਟ ਅਧੀਨ ਕਾਰਖ਼ਾਨੇ ਲਈ ਅਣਉਚਿਤ ਐਲਾਨਿਆ ਗਿਆ ਹੋਵੇ।

(2) ਫੈਕਟਰੀ ਦਾ ਦਖ਼ੀਲਕਾਰ ਜਾਂ ਉਸ ਦੇ ਨਮਿੱਤ ਕਾਰਜ ਕਰਨ ਵਾਲਾ ਕੋਈ ਹੋਰ ਵਿਅਕਤੀ, ਇਸ ਐਕਟ ਅਧੀਨ ਕਾਰਖ਼ਾਨੇ ਲਈ ਅਣਉਚਿਤ ਐਲਾਨੇ ਗਏ ਕਿਸੇ ਵੀ ਕਿਸਮ ਦੇ ਗੰਨੇ ਨੂੰ ਨਹੀਂ ਬੀਜੇਗਾ।

ਸੌਂਪੇ ਗਏ ਖੇਤਰ ਵਿੱਚ ਗੰਨੇ ਦੀ ਖਰੀਦ।

14. (1) ਕਿਸੇ ਸੌਂਪੇ ਗਏ ਖੇਤਰ ਵਿੱਚ ਗੰਨਾ ਉਗਾਉਣ ਵਾਲਾ ਜਾਂ ਗੰਨਾ ਉਗਾਉਣ ਵਾਲਿਆਂ ਦੀ ਸਹਿਕਾਰੀ ਸੋਸਾਇਟੀ, ਇਸ ਦੇ ਨਮਿੱਤ ਮੁਕੱਰਰ ਤਰੀਕ ਤੱਕ, ਉਸ ਕਾਰਖ਼ਾਨੇ ਦੇ ਦਖ਼ੀਲਕਾਰ ਨੂੰ ਜਿਸ ਨੂੰ ਖੇਤਰ ਸੌਂਪਿਆ ਗਿਆ ਹੈ, ਗੰਨਾ ਉਗਾਉਣ ਵਾਲੇ ਦੁਆਰਾ ਜਾਂ ਅਜਿਹਾ ਗੰਨਾ ਉਗਾਉਣ ਵਾਲੀ ਸਹਿਕਾਰੀ ਸੋਸਾਇਟੀ ਦੇ ਮੈਂਬਰਾਂ ਦੁਆਰਾ ਉਗਾਇਆ ਗਿਆ ਗੰਨਾ, ਜਿਹੀ ਕਿ ਸੂਰਤ ਹੋਵੇ, ਅਜਿਹੇ ਗੰਨਾ ਉਗਾਉਣ ਵਾਲੇ ਜਾਂ ਗੰਨਾ ਉਗਾਉਣ ਵਾਲੀ ਸਹਿਕਾਰੀ ਸੋਸਾਇਟੀ ਲਈ ਮੁਕੱਰਰ ਕੀਤੀ ਮਾਤਰਾ ਤੋਂ ਨ ਵੱਧ, ਵੇਚ ਸਕੇਗੀ।

(2) ਫੈਕਟਰੀ ਦਾ ਏਜੰਟ, ਉਪ-ਧਾਰਾ (1) ਦੀ ਅਨੁਸਾਰਤਾ ਵਿੱਚ, ਪੇਸ਼ ਕੀਤੇ ਗਏ ਗੰਨੇ ਨੂੰ ਖਰੀਦਣ ਦੇ ਪ੍ਰਯੋਜਨ ਲਈ, ਗੰਨਾ ਉਗਾਉਣ ਵਾਲੇ ਨਾਲ ਜਾਂ ਗੰਨਾ ਉਗਾਉਣ ਵਾਲੀ ਸਹਿਕਾਰੀ ਸੋਸਾਇਟੀ ਨਾਲ, ਜਿਹੀ ਕਿ ਸੂਰਤ ਹੋਵੇ, ਅਜਿਹੇ ਰੂਪ ਵਿੱਚ, ਅਜਿਹੀ ਤਰੀਕ ਤੱਕ ਅਤੇ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਤੇ ਕਰਾਰ ਕਰੇਗਾ, ਜੋ ਮੁਕੱਰਰ ਕੀਤੀਆਂ ਜਾਣ। ਉਪਰੋਕਤ ਜ਼ਿਕਰ ਕੀਤੇ ਏਜੰਟ ਤੋਂ ਬਿਨ੍ਹਾਂ ਕੋਈ ਹੋਰ ਵਿਅਕਤੀ ਕਿਸੇ ਗੰਨਾ ਉਗਾਉਣ ਵਾਲੀ ਸਹਿਕਾਰੀ ਸੋਸਾਇਟੀ ਦੇ ਮੈਂਬਰਾਂ ਦੁਆਰਾ ਉਗਾਏ ਗਏ ਗੰਨੇ ਨੂੰ ਕਿਸੇ ਹੋਰ ਵਿਅਕਤੀ ਤੋਂ ਅਜਿਹੇ ਕਰਾਰ ਦੀ ਅਨੁਸਾਰਤਾ ਤੋਂ ਸਿਵਾਏ, ਨਹੀਂ ਖਰੀਦੇਗਾ ਜਾਂ ਖਰੀਦਣ ਦਾ ਕਰਾਰ ਨਹੀਂ ਕਰੇਗਾ।

(3) ਸਰਕਾਰ ਦੀ ਇਜਾਜ਼ਤ ਤੋਂ ਬਿਨ੍ਹਾਂ, ਸੌਂਪੇ ਗਏ ਖੇਤਰ ਵਿੱਚ ਉਗਾਇਆ ਗਿਆ ਗੰਨਾ ਉਸ ਕਾਰਖ਼ਾਨੇ, ਜਿਸ ਲਈ ਅਜਿਹਾ ਖੇਤਰ ਸੌਂਪਿਆ ਗਿਆ ਹੋਵੇ, ਦੇ ਏਜੰਟ ਤੋਂ ਬਿਨ੍ਹਾਂ ਕਿਸੇ ਵਿਅਕਤੀ ਦੁਆਰਾ ਨਹੀਂ ਖਰੀਦਿਆ ਜਾਵੇਗਾ।

(4) ਮੁਕੱਰਰ ਅਥਾਰਟੀ ਇੱਕ ਕਾਰਖ਼ਾਨੇ ਦੇ ਸੌਂਪੇ ਗਏ ਖੇਤਰ ਦੇ ਅੰਦਰ ਕਿਸੇ ਖੇਤਰ ਨੂੰ ਉਲਿਖਤ ਕਰਨ ਲਈ ਸ਼ਕਤਵਾਨ ਹੋਵੇਗੀ, ਉਸ ਖੇਤਰ ਦਾ ਪੂਰਾ ਗੰਨਾ ਖਰੀਦਣ ਲਈ ਉਕਤ ਕਾਰਖ਼ਾਨੇ ਦਾ ਏਜੰਟ ਪਾਬੰਦ ਹੋਵੇਗਾ, ਅਤੇ ਗੰਨਾ ਉਗਾਉਣ ਵਾਲੇ ਜਾਂ ਗੰਨਾ ਉਗਾਉਣ ਵਾਲਿਆਂ ਦੀ ਸਹਿਕਾਰੀ ਸੋਸਾਇਟੀ ਉਕਤ ਏਜੰਟ ਨੂੰ ਹੀ ਵੇਚਣ ਲਈ ਪਾਬੰਦ ਹੋਵੇਗੀ।

15. ਜੇ ਸੌਂਪੇ ਗਏ ਖੇਤਰ ਵਿੱਚ ਗੰਨਾ ਉਗਾਉਣ ਵਾਲੇ ਜਾਂ ਗੰਨਾ ਉਗਾਉਣ ਵਾਲਿਆਂ ਦੀ ਸਹਿਕਾਰੀ ਸੋਸਾਇਟੀ ਜਾਂ ਸੋਸਾਇਟੀਆਂ ਗੰਨੇ ਦੀ ਪੂਰਤੀ ਕਰਨ ਲਈ ਕਰਾਰ ਕਰਨ ਲਈ ਰਜ਼ਾਮੰਦ ਨਹੀਂ ਹਨ, ਜਾਂ ਲੋੜੀਂਦੀ ਮਾਤਰਾ ਦੀ ਪੂਰਤੀ ਕਰਨ ਵਿੱਚ ਅਸਫ਼ਲ ਰਹਿੰਦੇ ਹਨ, ਤਾਂ ਏਜੰਟ, ਗੰਨਾ ਕਮਿਸ਼ਨਰ ਨੂੰ ਮੁਕੱਰਰ ਨੋਟਿਸ ਦੇਣ ਤੋਂ ਪਿੱਛੋਂ, ਉਸ ਦੁਆਰਾ ਲੋੜਿਆ ਬਾਕੀ ਬਚਿਆ ਗੰਨਾ ਸੌਂਪੇ ਗਏ ਖੇਤਰ ਤੋਂ ਬਾਹਰੋਂ ਖਰੀਦ ਸਕੇਗਾ। ਸੌਂਪੇ ਗਏ ਖੇਤਰ ਤੋਂ ਬਾਹਰੋਂ ਗੰਨੇ ਦੀ ਖਰੀਦ।

16. (1) ਇੱਕ ਕਾਰਖ਼ਾਨੇ ਦਾ ਏਜੰਟ ਜਿਸ ਦੇ ਪ੍ਰਯੋਜਨਾਂ ਲਈ ਖੇਤਰ ਸੌਂਪਿਆ ਗਿਆ ਹੋਵੇ, ਮੁਕੱਰਰ ਰੂਪ ਅਤੇ ਢੰਗ ਵਿੱਚ ਇੱਕ ਰਜਿਸਟਰ ਰੱਖੇਗਾ। ਰਜਿਸਟਰ ਰੱਖਣਾ।

(2) ਸਰਕਾਰ–

(ੳ) ਅਜਿਹੇ ਰਜਿਸਟਰ ਵਿੱਚ, ਇੰਦਰਾਜਾਂ ਦੀ ਦਰੁੱਸਤੀ ਅਤੇ ਨਵੇਂ ਇੰਦਰਾਜਾਂ ਦੇ ਵਾਧੇ;

(ਅ) ਅਜਿਹੀ ਦਰੁੱਸਤੀ ਜਾਂ ਵਾਧੇ ਦੇ ਤੱਲਕ ਵਿੱਚ ਲਾਗਤਾਂ ਦੀ ਅਦਾਇਗੀ, ਅਤੇ ਉਹ ਤਰੀਕਾ ਜਿਸ ਨਾਲ ਅਜਿਹੀਆਂ ਲਾਗਤਾਂ ਵਸੂਲ ਕੀਤੀਆਂ ਜਾਣਗੀਆਂ; ਅਤੇ

(ੲ) ਅਦਾਇਗੀ ਤੇ, ਰਜਿਸਟਰ ਵਿੱਚ ਇੰਦਰਾਜਾਂ ਦੀਆਂ ਨਕਲਾਂ ਦੀ ਸਪਲਾਈ,

ਲਈ ਜ਼ਾਬਤਾ ਮੁਕੱਰਰ ਕਰ ਸਕਦੀ ਹੈ।

17. (1) ਰਾਜ ਸਰਕਾਰ, ਗੰਨਾ ਕੰਟਰੋਲ ਬੋਰਡ ਨਾਲ ਮਸ਼ਵਰਾ ਕਰਨ ਪਿੱਛੋਂ, ਖੰਡ ਕਾਰਖ਼ਾਨੇ ਦੁਆਰਾ ਜਾਂ ਉਸ ਦੇ ਨਮਿੱਤ ਗੰਨੇ ਦੀ ਖਰੀਦ ਤੇ ਪ੍ਰਤੀ ਮਣ ਤਿੰਨ ਆਨੇ ਤੋਂ ਨਾ ਵੱਧ, ਕਰ ਅਰੋਪ ਸਕਦੀ ਹੈ, ਅਤੇ ਜਦੋਂ ਇਸ ਤਰ੍ਹਾਂ ਕਰ ਅਰੋਪਿਆ ਜਾਂਦਾ ਹੈ ਤਾਂ ਇਸ ਨੂੰ ਸਰਕਾਰੀ ਗਜ਼ਟ ਵਿੱਚ ਅਧਿਸੂਚਿਤ ਕੀਤਾ ਜਾਵੇਗਾ, ਅਤੇ ਇਸ ਨੂੰ ਮੁਕੱਰਰ ਤਰੀਕੇ ਨਾਲ ਭਾਰਿਤ, ਲਗਾਇਆ ਅਤੇ ਉਗਰਾਹਿਆ ਜਾਵੇਗਾ: ਗੰਨੇ ਦੀ ਖਰੀਦ ਕਰ।

ਪਰੰਤੂ ਪਿੜਾਈ ਰੁੱਤ ਦੌਰਾਨ ਜਾਰੀ ਕੀਤੀ ਗਈ ਕਰ ਅਰੋਪਣ ਵਾਲੀ ਅਧਿਸੂਚਨਾ, ਅਜਿਹੀ ਰੁੱਤ ਦੇ ਅਰੰਭ ਤੋਂ ਹੀ ਅਮਲ ਵਿੱਚ ਹੋਵੇਗੀ ਅਤੇ ਹਮੇਸ਼ਾ ਅਮਲ ਵਿੱਚ ਸਮਝੀ ਜਾਵੇਗੀ।

(2) ਉਕਤ ਜ਼ਿਕਰ ਕੀਤੇ ਕਰ ਵਜੋਂ ਦੇਣਯੋਗ ਸਾਰੀਆਂ ਰਕਮਾਂ, ਅਤੇ ਜੋ ਨਿਯਤ ਤਰੀਕ ਤੱਕ ਅਦਾ ਨਹੀਂ ਕੀਤੀਆਂ ਗਈਆਂ ਹਨ, ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲਣਯੋਗ ਹੋਣਗੀਆਂ।

17-ੳ. ਸਰਕਾਰ, ਜੇ ਸੰਤੁਸ਼ਟ ਹੋਵੇ ਕਿ ਇੱਕ ਕਾਰਖ਼ਾਨੇ ਨੇ ਆਪਣੇ ਦੁਆਰਾ ਨਿਰਮਤ ਖੰਡ ਦੀ ਕਿਸੇ ਮਾਤਰਾ ਨੂੰ ਭਾਰਤ ਤੋਂ ਬਾਹਰ ਬਰਾਮਦ ਕੀਤਾ ਹੈ, ਤਾਂ ਉਹ ਅਜਿਹੇ ਕਾਰਖ਼ਾਨੇ ਨੂੰ ਭਾਵੇਂ ਭਾਵੀ ਤੌਰ ਤੇ ਜਾਂ ਅਤੀਤਦਰਸ਼ੀ ਤੌਰ ਤੇ, ਉਸ ਦੁਆਰਾ ਖਰੀਦੇ ਗਏ ਅਤੇ ਇਸ ਤਰ੍ਹਾਂ ਬਰਾਮਦ ਕੀਤੀ ਗਈ ਖੰਡ ਦੀ ਮਾਤਰਾ ਦੇ ਨਿਰਮਾਣ ਵਿੱਚ ਵਰਤੇ ਗਏ ਗੰਨੇ ਦੇ ਬਾਰੇ ਵਿੱਚ, ਧਾਰਾ 17 ਅਧੀਨ ਉਸ ਤੇ ਲਗਾਏ ਗਏ ਅਤੇ ਉਸ ਦੁਆਰਾ ਅਦਾ ਕੀਤੇ ਗਏ ਕਰ ਦੀ ਰਕਮ ਰਿਫ਼ੰਡ ਕਰ ਸਕਦੀ ਹੈ। ਭਾਰਤ ਤੋਂ ਬਾਹਰ ਬਰਾਮਦ ਕੀਤੀ ਗਈ ਖੰਡ ਦੇ ਨਿਰਮਾਣ ਲਈ ਵਰਤੇ ਗਏ ਗੰਨੇ ਤੇ ਕਰ ਮੋੜਨ ਦੀ ਸ਼ਕਤੀ।

ਕਾਰਵਾਈਆਂ ਸ਼ੁਰੂ ਕਰਨਾ।

18. (1) ਇਸ ਐਕਟ ਅਧੀਨ ਕੋਈ ਵੀ ਪ੍ਰਾਸੀਕਿਊਸ਼ਨ ਜ਼ਿਲ੍ਹਾ ਮੈਜਿਸਟ੍ਰੇਟ ਦੁਆਰਾ ਕੀਤੀ ਗਈ ਸ਼ਿਕਾਇਤ ਤੋਂ ਸਿਵਾਏ ਸ਼ੁਰੂ ਨਹੀਂ ਕੀਤੀ ਜਾਵੇਗੀ।

(2) ਇਸ ਐਕਟ ਅਧੀਨ ਕਿਸੇ ਅਪਰਾਧ ਦੇ ਇਲਜ਼ਾਮ ਲੱਗੇ ਵਿਅਕਤੀ ਦੀ ਦਰਖ਼ਾਸਤ ਤੇ, ਜ਼ਿਲ੍ਹਾ ਮੈਜਿਸਟ੍ਰੇਟ ਮਾਮਲੇ ਵਿੱਚ ਫ਼ੈਸਲਾ ਐਲਾਨੇ ਜਾਣ ਤੋਂ ਪਹਿਲਾਂ ਕਿਸੇ ਵੀ ਪੜਾਅ ਤੇ, ਦੋ ਹਜਾਰ ਤੋਂ ਵੱਧ ਨਾ ਹੋਣ ਵਾਲਾ ਤਸਫ਼ੀਆ ਜੁਰਮਾਨਾ ਲਗਾ ਕੇ ਅਜਿਹੇ ਅਪਰਾਧ ਦਾ ਸਮਝੌਤਾ ਕਰ ਸਕਦਾ ਹੈ।

(3) ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟ੍ਰੇਟ ਤੋਂ ਅਦਨਾ ਕੋਈ ਵੀ ਅਦਾਲਤ ਇਸ ਐਕਟ ਅਧੀਨ ਕਿਸੇ ਅਪਰਾਧ ਦਾ ਵਿਚਾਰਣ ਨਹੀਂ ਕਰੇਗੀ।

ਦਾਵੇ ਜਾਂ ਹੋਰ ਕਾਰਵਾਈਆਂ ਤੇ ਰੋਕ।

19. ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਅਧੀਨ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਸਰਕਾਰ ਜਾਂ ਕਿਸੇ ਵਿਅਕਤੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕੇਗੀ।

ਨਿਯਮ ਬਣਾਉਣ ਦੀ ਸ਼ਕਤੀ।

20. (1) ਸਰਕਾਰ, ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀਆਂ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨ੍ਹਾਂ, ਅਜਿਹੇ ਨਿਯਮ-

(ੳ) ਗੰਨਾ ਕੰਟਰੋਲ ਬੋਰਡ ਦਾ ਗਠਨ, ਸ਼ਕਤੀਆਂ, ਕਰਤੱਵ ਅਤੇ ਜ਼ਾਬਤਾ;

(ਅ) ਗੰਨਾ ਕਮਿਸ਼ਨਰ ਦੀਆਂ ਸ਼ਕਤੀਆਂ ਅਤੇ ਕਰਤੱਵ;

(ੲ) ਉਹ ਅਥਾਰਟੀਆਂ ਜਿਨ੍ਹਾਂ ਦੁਆਰਾ ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਅਧੀਨ ਕਾਜਕਾਰ ਨਿਭਾਏ ਜਾਣੇ ਹਨ;

(ਸ) ਉਹ ਰੂਪ ਜਿਸ ਵਿੱਚ ਇਸ ਐਕਟ ਅਧੀਨ ਲੋੜੀਂਦੇ ਕੋਈ ਨੋਟਿਸ ਦਿੱਤੇ ਜਾਣੇ ਚਾਹੀਦੇ ਹਨ;

(ਹ) ਇਸ ਐਕਟ ਅਧੀਨ ਸਰਵੇਖਣ ਕਰਨ ਵਿੱਚ ਅਪਣਾਇਆ ਜਾਣ ਵਾਲਾ ਜ਼ਾਬਤਾ, ਅਜਿਹੇ ਸਰਵੇਖਣ ਦੀ ਲਾਗਤ ਦਾ ਹਿਸਾਬ ਲਗਾਉਣ ਦਾ ਤਰੀਕਾ, ਇਸ ਦੇ ਤੱਲਕ ਵਿੱਚ ਜਮ੍ਹਾਂ ਕੀਤੀ ਜਾਣ ਵਾਲੀ ਰਕਮ ਅਤੇ ਭੋਂ ਦੇ ਮਾਲਕਾਂ ਅਤੇ ਦਖ਼ੀਲਕਾਰਾਂ ਦੁਆਰਾ ਅਜਿਹਾ ਸਰਵੇਖਣ ਕਰਨ ਵਾਲੇ ਅਧਿਕਾਰੀ ਨੂੰ ਦਿੱਤੀ ਜਾਣ ਵਾਲੀ ਸਹਾਇਤਾ;

(ਕ) ਗੰਨੇ ਦੀ ਖਰੀਦ ਲਈ ਕੀਤੇ ਜਾਣ ਵਾਲੇ ਕਰਾਰ ਦਾ ਰੂਪ, ਉਹ ਤਰੀਕ ਜਿਸ ਤੱਕ ਅਜਿਹਾ ਕਰਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਉਸ ਦੇ ਨਿਬੰਧਨ ਅਤੇ ਸ਼ਰਤਾਂ;

(ਖ) ਗੰਨੇ ਦੀ ਮਾਤਰਾ ਜੋ ਕਿਸੇ ਖ਼ਾਸ ਪਿੜਾਈ ਰੁੱਤ ਦੌਰਾਨ ਕਿਸੇ ਸੌਂਪੇ ਗਏ ਖੇਤਰ ਵਿੱਚ ਖਰੀਦੀ ਜਾ ਸਕਦੀ ਹੈ;

(ਗ) ਨੋਟਿਸਾਂ ਦਾ ਲਗਾਉਣਾ ਅਤੇ ਰਿਕਾਰਡਾਂ, ਰਜਿਸਟਰਾਂ ਅਤੇ ਲੇਖਿਆਂ ਦੀ ਸਾਂਭ-ਸੰਭਾਲ ਅਤੇ ਵਿਵਰਣਾਂ ਦੀ ਪੇਸ਼ਕਾਰੀ, ਇਨ੍ਹਾਂ ਵਿੱਚ ਇੰਦਰਾਜਾਂ ਦੀਆਂ ਨਕਲਾਂ ਦੀ ਸਪਲਾਈ ਅਤੇ ਉਸ ਲਈ ਭਾਰਿਤ ਕੀਤੀ ਜਾਣ ਵਾਲੀ ਫ਼ੀਸ;

(ਘ) ਉਹ ਤਰੀਕਾ ਜਿਸ ਦੁਆਰਾ ਇਸ ਐਕਟ ਦੇ ਅਧੀਨ ਗੰਨੇ ਦੀ ਘੱਟੋ-ਘੱਟ ਕੀਮਤ ਤੈਅ ਕੀਤੀ ਜਾਣੀ ਹੈ;

(ਙ) ਉਹ ਰੂਪ ਅਤੇ ਤਰੀਕਾ ਜਿਸ ਵਿੱਚ ਲਸੰਸਾਂ ਲਈ ਦਰਖ਼ਾਸਤਾਂ ਦਿੱਤੀਆਂ ਜਾ ਸਕਦੀਆਂ ਹਨ, ਹਰੇਕ ਲਸੰਸ ਦੇ ਨਿਬੰਧਨ ਅਤੇ ਸ਼ਰਤਾਂ, ਉਨ੍ਹਾਂ ਦਾ ਨਵਿਆਉਣਾ, ਮੁਅੱਤਲੀ ਅਤੇ ਮਨਸੂਖੀ ਅਤੇ ਇਸ ਲਈ ਭਾਰਿਤ ਕੀਤੀ ਜਾਣ ਵਾਲੀ ਫ਼ੀਸ;

(ਚ) ਗੰਨੇ ਦੀ ਸਹੀ ਤੋਲਾਈ, ਤੋਲਾਈ ਅਤੇ ਤੋਲਾਂ ਦੀ ਜਾਂਚ ਲਈ ਸਹੂਲਤਾਂ ਦਾ ਉਪਬੰਧ ਅਤੇ ਤੋਲਾਂ ਦੇ ਸਮੇਂ;

(ਛ) ਗੰਨੇ ਦੀ ਕੀਮਤ ਦੀ ਅਦਾਇਗੀ; ਅਤੇ

(ਜ) ਕੋਈ ਹੋਰ ਮਾਮਲਾ ਜੋ ਇਸ ਐਕਟ ਅਧੀਨ ਮੁਕੱਰਰ ਕੀਤਾ ਜਾਣਾ ਹੈ ਜਾਂ ਕੀਤਾ ਜਾ ਸਕਦਾ ਹੈ,

ਲਈ ਉਪਬੰਧ ਕਰ ਸਕਣਗੇ।

ਗੰਨਾ ਐਕਟ, 1934 ਅਤੇ ਗੰਨਾ (ਪੰਜਾਬ ਸੋਧ) ਐਕਟ, 1948 ਦਾ ਨਿਰਸਨ ਅਤੇ ਬਚਾਓ।

21. ਗੰਨਾ ਐਕਟ, 1934 (1934 ਦਾ ਐਕਟ XV) ਜਿੱਥੋਂ ਤੱਕ ਇਹ ਪੰਜਾਬ ਰਾਜ ਤੇ ਲਾਗੂ ਹੁੰਦਾ ਹੈ, ਅਤੇ ਗੰਨਾ (ਪੰਜਾਬ ਸੋਧ) ਐਕਟ, 1943 (1948 ਦਾ ਪੰਜਾਬ ਐਕਟ IX), ਇਸ ਦੁਆਰਾ ਨਿਰਸਤ ਕੀਤੇ ਜਾਂਦੇ ਹਨ। ਨਿਰਸਤ ਕੀਤੇ ਗਏ ਐਕਟਾਂ ਦੁਆਰਾ ਜਾਂ ਅਧੀਨ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਕੀਤੀ ਗਈ ਕੋਈ ਗੱਲ ਜਾਂ ਕੀਤੀ ਗਈ ਕੋਈ ਵੀ ਕਾਰਵਾਈ ਜਾਂ ਪੰਜਾਬ ਖੰਡ ਕਾਰਖ਼ਾਨੇ ਕੰਟਰੋਲ ਐਕਟ, 1950 (1950 ਦਾ ਪੰਜਾਬ ਐਕਟ I) ਅਧੀਨ ਤਾਤਪਰਜਤ ਕੀਤੀ ਜਾਂ ਕੀਤੀ ਗਈ ਕੋਈ ਕਾਰਵਾਈ, ਇਸ ਐਕਟ ਦੇ ਉਪਬੰਧਾਂ ਦੇ

ਸੰਗਤ ਹੋਣ ਦੀ ਹੱਦ ਤੱਕ, ਇਸ ਐਕਟ ਅਧੀਨ ਕੀਤੀ ਜਾਂ ਕੀਤੀ ਗਈ ਸਮਝੀ ਜਾਵੇਗੀ ਜਿਵੇਂ ਇਹ ਐਕਟ ਉਸ ਸਮੇਂ ਨਾਫ਼ਜ਼ ਸੀ ਜਦੋਂ ਅਜਿਹੀ ਗੱਲ ਕੀਤੀ ਗਈ ਸੀ ਜਾਂ ਅਜਿਹੀ ਕਾਰਵਾਈ ਕੀਤੀ ਗਈ ਸੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

**ਡਿਸਕਲੇਮਰ:-** ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3845/9-2026/Pb. Govt. Press, S.A.S. Nagar*

ਭਾਗ-1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 30 ਸਤੰਬਰ, 2026

**ਨੰ.71/ਭ:ਕ/2026.-** ਪੰਜਾਬ ਰਾਜ ਵਿਕਾਸ ਕਰ ਐਕਟ, 2018 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 30th September, 2026

**No.71/L.C./2026.-** The Translation in Punjabi of the Punjab State Development Tax Act, 2018 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਰਾਜ ਵਿਕਾਸ ਕਰ ਐਕਟ, 2018

(2018 ਦਾ ਪੰਜਾਬ ਐਕਟ ਨੰ. 11)

ਪੰਜਾਬ ਰਾਜ ਦੇ ਫਾਇਦੇ ਲਈ ਪੇਸ਼ਿਆਂ, ਵਪਾਰ, ਕਿੱਤਿਆ ਅਤੇ ਰੁਜ਼ਗਾਰ 'ਤੇ ਕਰ ਲਗਾਉਣ ਅਤੇ ਉਗਰਾਹੁਣ ਲਈ ਉਪਬੰਧ ਕਰਨ ਲਈ ਇਕ ਐਕਟ।

ਭਾਰਤ ਗਣਰਾਜ ਦੇ ਉਨੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਰਾਜ ਵਿਕਾਸ ਕਰ ਐਕਟ, 2018 ਕਿਹਾ ਜਾ ਸਕੇਗਾ। ਸੰਖੇਪ ਨਾਂ, ਵਿਸਤਾਰ ਅਤੇ ਅਰੰਭ ।

(2) ਇਸਦਾ ਵਿਸਤਾਰ ਪੂਰੇ ਪੰਜਾਬ ਰਾਜ, ਅਤੇ ਪੰਜਾਬ ਸਰਕਾਰ ਦੇ ਦਫ਼ਤਰਾਂ ਅਤੇ ਕਿਸੇ ਬੌਡੀ ਦੇ ਦਫ਼ਤਰਾਂ ਤੇ ਹੈ, ਭਾਵੇਂ ਉਹ ਨਿਗਮਿਤ ਹੋਣ ਜਾਂ ਨਾ ਹੋਣ, ਜੋ ਪੰਜਾਬ ਦੀ ਰਾਜਧਾਨੀ ਵਿੱਚ ਸਥਿਤ ਪੰਜਾਬ ਰਾਜ ਦੀ ਮਲਕੀਅਤ ਜਾਂ ਕੰਟਰੋਲ ਅਧੀਨ ਹਨ।

(3) ਇਹ ਇਸਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਨੂੰ ਅਤੇ ਤੋਂ ਨਾਫ਼ਜ ਹੋਵੇਗਾ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ ।

(ੳ) "ਅਪੀਲੀ ਅਥਾਰਟੀ" ਦਾ ਮਤਲਬ ਹੈ ਧਾਰਾ 3 ਅਧੀਨ ਨਿਯੁਕਤ ਅਪੀਲੀ ਅਥਾਰਟੀ;

(ਅ) "ਨਿਰਧਾਰਤੀ" ਦਾ ਮਤਲਬ ਹੈ ਇੱਕ ਵਿਅਕਤੀ ਜਾਂ ਨਿਯੋਜਕ ਜਿਸ ਦੁਆਰਾ ਇਸ ਐਕਟ ਅਧੀਨ ਕਰ ਅਦਾਇਗੀ ਯੋਗ ਹੈ;

(ੲ) "ਕਮਿਸ਼ਨਰ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਨਿਯੁਕਤ ਕਰ ਕਮਿਸ਼ਨਰ;

(ਸ) "ਨਾਮਤ ਅਧਿਕਾਰੀ" ਦਾ ਮਤਲਬ ਹੈ ਇਸ ਐਕਟ ਦੇ ਕਿਸੇ ਵੀ ਪ੍ਰਯੋਜਨਾਂ ਨੂੰ ਸਿਰੇ ਚਾੜਨ ਲਈ, ਰਾਜ ਸਰਕਾਰ ਦੁਆਰਾ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਅਧਿਕਾਰਤ ਇਕ ਅਧਿਕਾਰੀ;

(ਹ) "ਕਰਮਚਾਰੀ" ਦਾ ਮਤਲਬ ਹੈ ਤਨਖਾਹ ਜਾਂ ਉਜਰਤ 'ਤੇ ਨਿਯੋਜਤ ਵਿਅਕਤੀ ਅਤੇ ਇਸ ਵਿੱਚ,-

(i) ਕੇਂਦਰੀ ਸਰਕਾਰ ਜਾਂ ਕਿਸੇ ਰਾਜ ਸਰਕਾਰ ਜਾਂ ਰੇਲਵੇ ਫੰਡ ਦੇ ਮਾਲੀਏ ਤੋਂ ਤਨਖਾਹ ਪ੍ਰਾਪਤ ਕਰਨ ਵਾਲਾ ਸਰਕਾਰੀ ਸੇਵਕ;

(ii) ਇੱਕ ਬੌਡੀ ਦੀ ਸੇਵਾ ਵਿੱਚ ਇੱਕ ਵਿਅਕਤੀ, ਭਾਵੇਂ ਉਹ ਨਿਗਮਤ ਹੋਵੇ ਜਾਂ ਨਾ ਹੋਵੇ, ਜੋ ਕੇਂਦਰੀ ਸਰਕਾਰ ਜਾਂ ਕਿਸੇ ਰਾਜ ਸਰਕਾਰ ਦੀ ਮਲਕੀਅਤ ਜਾਂ ਕੰਟਰੋਲ ਦੇ ਅਧੀਨ ਹੈ ਜਿੱਥੇ ਉਹ ਬੌਡੀ ਪੰਜਾਬ ਰਾਜ ਦੇ ਕਿਸੇ ਵੀ ਹਿੱਸੇ ਵਿੱਚ ਕਾਰਜ ਕਰਦੀ ਹੈ, ਭਾਵੇਂ ਉਸ ਦਾ ਮੁੱਖ ਦਫ਼ਤਰ ਪੰਜਾਬ ਰਾਜ ਤੋਂ ਬਾਹਰ ਸਥਿਤ ਹੋਵੇ;

(iii) ਕਿਸੇ ਬੌਡੀ ਦੀ ਸੇਵਾ ਵਿੱਚ ਇੱਕ ਵਿਅਕਤੀ, ਭਾਵੇਂ ਉਹ ਨਿਗਮਿਤ ਹੋਵੇ ਜਾਂ ਨਾ ਹੋਵੇ, ਜੋ ਪੰਜਾਬ ਰਾਜ ਦੀ ਮਲਕੀਅਤ ਜਾਂ ਕੰਟਰੋਲ ਦੇ ਅਧੀਨ ਹੈ, ਜਿੱਥੇ ਬੌਡੀ ਪੰਜਾਬ ਰਾਜ ਦੇ ਕਿਸੇ ਹਿੱਸੇ ਵਿੱਚ ਜਾਂ ਪੰਜਾਬ ਰਾਜ ਤੋਂ ਬਾਹਰ ਕਾਰਜ ਕਰਦੀ ਹੈ;

(iv) ਪੰਜਾਬ ਰਾਜ ਦੇ ਮਾਲੀਏ ਤੋਂ ਤਨਖਾਹ ਪ੍ਰਾਪਤ ਕਰਨ ਵਾਲਾ ਸਰਕਾਰੀ ਕਰਚਮਾਰੀ ਭਾਵੇਂ ਉਸਦਾ ਦਫ਼ਤਰ ਪੰਜਾਬ ਰਾਜ ਤੋਂ ਬਾਹਰ ਸਥਿਤ ਹੈ; ਅਤੇ

(v) ਉਪਰੋਕਤ ਉਪ-ਖੰਡਾਂ (i), (ii) ਅਤੇ (iii) ਦੇ ਥੱਲੇ ਨਾ ਆਉਣ ਵਾਲੇ ਨਿਯੋਜਕ ਦੇ ਕਿਸੇ ਰੁਜ਼ਗਾਰ ਵਿੱਚ ਲੱਗਿਆ ਹੋਇਆ ਇਕ ਵਿਅਕਤੀ;

(ਕ) "ਨਿਯੋਜਕ" ਇੱਕ ਕਰਮਚਾਰੀ ਦੇ ਸੰਬੰਧ ਵਿੱਚ ਜੋ ਉਸਦੇ ਅਧੀਨ ਨਿਯਮਤ ਆਧਾਰ ਤੇ ਕੋਈ ਤਨਖਾਹ ਜਾਂ ਉਜਰਤ ਕਮਾ ਰਿਹਾ ਹੈ, ਦਾ ਮਤਲਬ ਹੈ ਉਹ ਵਿਅਕਤੀ ਜਾਂ ਅਧਿਕਾਰੀ ਜੋ ਅਜਿਹੀ ਤਨਖਾਹ ਜਾਂ ਉਜਰਤ ਦੀ ਵੰਡ ਲਈ ਜ਼ਿੰਮੇਵਾਰ ਹੈ, ਅਤੇ ਇਸ ਵਿੱਚ ਦਫ਼ਤਰ ਜਾਂ ਕਿਸੇ ਵੀ ਸਥਾਪਨਾ ਦੇ ਮੁਖੀ ਦੇ ਨਾਲ-ਨਾਲ ਨਿਯੋਜਕ ਦਾ ਮੈਨੇਜਰ ਜਾਂ ਏਜੰਟ ਸ਼ਾਮਲ ਹੈ;

(ਖ) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਦਾ ਆਬਕਾਰੀ ਅਤੇ ਕਰ ਵਿਭਾਗ;

(ਗ) "ਆਮਦਨ" ਦਾ ਮਤਲਬ ਹੈ ਆਮਦਨ ਜਿਵੇਂ ਆਮਦਨ ਕਰ ਐਕਟ, 1961 (1961 ਦਾ ਕੇਂਦਰੀ ਐਕਟ ਨੰ. 43) ਵਿੱਚ ਪਰਿਭਾਸ਼ਿਤ ਹੈ;

(ਘ) "ਮਹੀਨਾ" ਦਾ ਅਰਥ ਹੈ ਅੰਗਰੇਜ਼ੀ ਕੈਲੰਡਰ ਦੇ ਅਨੁਸਾਰ ਸ਼ੁਮਾਰ ਮਹੀਨਾ;

(ਙ) "ਵਿਅਕਤੀ" ਦਾ ਮਤਲਬ ਹੈ ਕੋਈ ਵਿਅਕਤੀ ਜੋ ਪੰਜਾਬ ਰਾਜ ਵਿੱਚ ਕਿਸੇ ਵੀ ਪੇਸ਼ੇ, ਵਪਾਰ, ਕਿੱਤੇ, ਕਾਰੋਬਾਰ ਜਾਂ ਰੁਜ਼ਗਾਰ ਵਿੱਚ ਲੱਗਿਆ ਹੋਇਆ ਹੈ ਅਤੇ ਇਸ ਵਿੱਚ ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 (2017 ਦਾ ਪੰਜਾਬ ਐਕਟ ਨੰ.5) ਦੀ ਧਾਰਾ 2 ਦੇ ਖੰਡ (84) ਵਿੱਚ ਪਰਿਭਾਸ਼ਤ ਵਿਅਕਤੀ ਸ਼ਾਮਲ ਹੈ, ਇਸ ਤੱਥ ਦੇ ਬਾਵਜੂਦ ਕਿ ਅਜਿਹੇ ਵਿਅਕਤੀ ਦੇ ਕਾਰੋਬਾਰ ਦਾ ਮੁੱਖ ਸਥਾਨ ਪੰਜਾਬ ਰਾਜ ਤੋਂ ਬਾਹਰ ਹੈ ਅਤੇ ਜਿੱਥੇ ਅਜਿਹੇ ਕਿਸੇ ਵਿਅਕਤੀ ਦੇ ਕਾਰੋਬਾਰ ਦਾ ਮੁੱਖ ਸਥਾਨ ਪੰਜਾਬ ਰਾਜ ਵਿੱਚ ਨਹੀਂ ਹੈ, ਉਥੇ ਅਜਿਹੇ ਕਾਰੋਬਾਰ ਦੇ ਬਾਰੇ ਵਿੱਚ ਪੰਜਾਬ ਰਾਜ ਵਿੱਚ ਅਜਿਹੇ ਵਿਅਕਤੀ ਦਾ ਸਥਾਨਕ ਮੈਨੇਜਰ ਜਾਂ ਏਜੰਟ ਸ਼ਾਮਲ ਹਨ ਅਤੇ ਇਸ ਵਿੱਚ ਹੇਠ-ਲਿਖੇ ਕੰਮ ਕਰਨ ਵਾਲਾ ਵਿਅਕਤੀ ਵੀ ਸ਼ਾਮਲ ਹੈ:-

(i) ਕਿਸੇ ਵਸਤੂਆਂ ਵਿੱਚ ਸੰਪਤੀ ਦਾ ਨਕਦ, ਮੁਲਤਵੀ ਅਦਾਇਗੀ ਜਾਂ ਹੋਰ ਮੁੱਲਵਾਨ ਬਦਲ ਬਦਲੇ, ਮੁਆਇਦੇ ਦੇ ਅਨੁਸਰਣ ਤੋਂ ਬਿਨਾਂ ਹੋਰਵੇ ਇੰਤਕਾਲ;

(ii) ਕੰਮ ਦੇ ਮੁਆਇਦੇ ਦੀ ਤਕਮੀਲ ਵਿੱਚ ਸ਼ਾਮਲ ਵਸਤੂਆਂ ਵਿੱਚ ਸੰਪਤੀ ਦਾ ਇੰਤਕਾਲ (ਭਾਵੇਂ ਵਸਤੂਆਂ ਦੇ ਤੌਰ ਤੇ ਜਾਂ ਕਿਸੇ ਹੋਰ ਰੂਪ ਵਿੱਚ);

(iii) ਕਿਰਾਇਆ ਖਰੀਦ ਜਾਂ ਕਿਸ਼ਤਾਂ ਦੁਆਰਾ ਅਦਾਇਗੀ ਦੀ ਕਿਸੇ ਪ੍ਰਣਾਲੀ ਰਾਹੀਂ ਵਸਤੂਆਂ ਦੀ ਹਵਾਲਗੀ;

(iv) ਨਕਦ, ਮੁਲਤਵੀ ਅਦਾਇਗੀ ਜਾਂ ਹੋਰ ਮੁੱਲਵਾਨ ਬਦਲ ਦੇ ਬਦਲੇ, ਕਿਸੇ ਪ੍ਰਯੋਜਨ ਲਈ (ਭਾਵੇਂ ਇੱਕ ਉਲਿਖਤ ਮੁੱਦਤ ਲਈ ਹੋਵੇ ਜਾਂ ਨਾ ਹੋਵੇ) ਕਿਸੇ ਵੀ ਵਸਤੂ ਦੀ ਵਰਤੋਂ ਕਰਨ ਦੇ ਅਧਿਕਾਰ ਦਾ ਇੰਤਕਾਲ; ਅਤੇ

(v) ਕਿਸੇ ਸੇਵਾ ਦੇ ਹਿੱਸੇ ਵੱਜੋਂ ਜਾਂ ਕਿਸੇ ਹੋਰ ਤਰੀਕੇ ਨਾਲ, ਵਸਤੂਆਂ ਦੀ ਸਪਲਾਈ, ਜੋ ਕਿ ਭੋਜਨ ਹੋਵੇ ਜਾਂ ਮਨੁੱਖੀ ਖਪਤ ਲਈ ਕੋਈ ਹੋਰ ਵਸਤੂ ਜਾਂ ਕੋਈ ਪੀਣ ਵਾਲਾ ਪਦਾਰਥ (ਭਾਵੇਂ ਉਹ ਨਸ਼ੀਲਾ ਹੋਵੇ ਜਾਂ

ਨਾ ਹੋਵੇ) ਹੋਵੇ, ਜਿੱਥੇ ਅਜਿਹੀ ਸਪਲਾਈ ਜਾਂ ਸੇਵਾ ਨਕਦ, ਮੁਲਤਵੀ ਅਦਾਇਗੀ ਜਾਂ ਹੋਰ ਮੁਲਵਾਨ ਬਦਲ ਬਦਲੇ ਹੋਵੇ:

ਪਰੰਤੂ ਕੋਈ ਵਿਅਕਤੀ ਜੋ ਦਿਹਾੜੀਦਾਰ ਆਧਾਰ ਤੇ ਉਜਰਤ ਕਮਾਉਂਦਾ ਹੈ ਅਤੇ ਇੱਕ ਕਿਸਾਨ ਜਾਂ ਉਸਦੇ ਪਰਿਵਾਰ ਦਾ ਕੋਈ ਮੈਂਬਰ, ਜੋ ਪੰਜਾਬ ਰਾਜ ਦੇ ਅੰਦਰ ਨਿਰੋਲ ਤੌਰ 'ਤੇ ਖੇਤੀਬਾੜੀ ਉਪਜ ਵੇਚਦਾ ਹੈ, ਜੋ ਪੰਜਾਬ ਰਾਜ ਦੇ ਅੰਦਰ ਕਿਸੇ ਵੀ ਜ਼ਮੀਨ 'ਤੇ ਉਗਾਈ ਜਾਂਦੀ ਹੈ ਜਿਸ ਵਿੱਚ ਉਸਦਾ ਹਿੱਤ ਹੈ, ਭਾਵੇਂ ਮਾਲਕ, ਰਹਿਣਦਾਰ, ਕਿਰਾਏਦਾਰ ਜਾਂ ਹੋਰ ਤਰ੍ਹਾਂ, ਉਸਨੂੰ ਵਿਅਕਤੀ ਨਹੀਂ ਸਮਝਿਆ ਜਾਵੇਗਾ।

ਵਿਆਖਿਆ.— ਕਿਸੇ ਫਰਮ, ਕੰਪਨੀ, ਨਿਗਮ ਜਾਂ ਹੋਰ ਨਿਗਮਤ ਬੌਡੀ ਦੀ ਹਰੇਕ ਸ਼ਾਖਾ, ਕਿਸੇ ਸੋਸਾਇਟੀ, ਕਲੱਬ ਜਾਂ ਐਸੋਸੀਏਸ਼ਨ ਨੂੰ ਇਸ ਐਕਟ ਅਧੀਨ ਕਰ ਲਗਾਉਣ ਦੇ ਪ੍ਰਯੋਜਨ ਲਈ ਇੱਕ ਵਿਅਕਤੀ ਅਤੇ ਇੱਕ ਵੱਖਰਾ ਨਿਰਧਾਰਤੀ ਸਮਝਿਆ ਜਾਵੇਗਾ;

(ਚ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਨਿਯਮਾਂ ਦੁਆਰਾ ਮੁਕੱਰਰ;

(ਜ) "ਤਨਖਾਹ" ਜਾਂ "ਉਜਰਤ" ਵਿੱਚ ਕਿਸੇ ਵਿਅਕਤੀ ਦੁਆਰਾ ਨਿਯਮਤ ਅਧਾਰ 'ਤੇ ਇਕ ਜਾਂ ਵੱਧ ਨਿਯੋਜਕਾਂ ਤੋਂ ਪ੍ਰਾਪਤ ਕੀਤੀ ਜਾਣ ਵਾਲੀ ਤਨਖਾਹ ਜਾਂ ਉਜਰਤ, ਮਹਿੰਗਾਈ ਭੱਤਾ ਅਤੇ ਸਾਰੇ ਹੋਰ ਮਿਹਨਤਾਨੇ ਸ਼ਾਮਲ ਹਨ, ਭਾਵੇਂ ਨਕਦ ਜਾਂ ਕਿਸਮ ਦੇ ਰੂਪ ਵਿੱਚ ਅਦਾਇਗੀਯੋਗ ਹੋਣ, ਅਤੇ ਇਸ ਵਿੱਚ ਤਨਖਾਹ ਦੇ ਬਦਲੇ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਅਤੇ ਫਾਇਦੇ ਵੀ ਸ਼ਾਮਲ ਹਨ ਜਿਵੇਂ ਆਮਦਨ ਕਰ ਐਕਟ, 1961 ਦੀ ਧਾਰਾ 17 ਵਿੱਚ ਪਰਿਭਾਸ਼ਿਤ ਹੈ, ਪਰ ਇਸ ਵਿੱਚ ਬੋਨਸ ਜਾਂ ਗ੍ਰੈਚੁਟੀ ਦਾ ਕੋਈ ਰੂਪ ਸ਼ਾਮਲ ਨਹੀਂ ਹੈ;

ਵਿਆਖਿਆ.- ਨਿਯਮਤ ਆਧਾਰ ਦਾ ਮਤਲਬ ਹੈ ਇੱਕ ਸੌ ਅੱਸੀ ਦਿਨਾਂ ਤੋਂ ਵੱਧ ਦੀ ਮੁੱਦਤ।

(ਝ) "ਅਨੁਸੂਚੀ" ਦਾ ਮਤਲਬ ਹੈ ਇਸ ਐਕਟ ਨਾਲ ਲੱਗੀ ਇੱਕ ਅਨੁਸੂਚੀ;

(ਞ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਧਾਰਾ;

(ਟ) "ਕਰ" ਦਾ ਮਤਲਬ ਹੈ ਇਸ ਐਕਟ ਦੇ ਅਧੀਨ ਪੇਸ਼ਿਆਂ, ਵਪਾਰਾਂ, ਕਿੱਤਿਆਂ ਅਤੇ ਰੁਜ਼ਗਾਰ ਤੇ ਲਗਾਇਆ ਗਿਆ ਕਰ;

(ਠ) "ਕਰਯੋਗ ਵਿਅਕਤੀ" ਦਾ ਮਤਲਬ ਹੈ ਇੱਕ ਵਿਅਕਤੀ, ਜੋ ਇਸ ਐਕਟ ਦੇ ਅਧੀਨ ਕਰ ਅਦਾ ਕਰਨ ਦੇ ਪ੍ਰੋਯਜਨ ਲਈ ਰਜਿਸਟਰਸ਼ੁੱਦਾ ਜਾਂ ਨਾਮਾਂਕਿਤ ਹੈ;

(ਡ) "ਟ੍ਰਿਬਿਊਨਲ" ਦਾ ਮਤਲਬ ਹੈ ਪੰਜਾਬ ਮੁੱਲ ਜੋੜ ਕਰ ਐਕਟ, 2005 ਦੀ ਧਾਰਾ 4 ਅਧੀਨ ਗਠਿਤ ਟ੍ਰਿਬਿਊਨਲ; ਅਤੇ

(ਢ) "ਸਾਲ" ਦਾ ਮਤਲਬ ਹੈ ਪੰਜਾਬ ਸਰਕਾਰ ਦਾ ਵਿੱਤੀ ਸਾਲ।

ਅਪੀਲੀ ਅਥਾਰਟੀ, ਕਮਿਸ਼ਨਰ ਅਤੇ ਹੋਰ ਅਧਿਕਾਰੀਆਂ ਦੀ ਨਿਯੁਕਤੀ।

3. (1) ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜਨ ਲਈ, ਸਰਕਾਰ ਇੱਕ ਅਪੀਲੀ ਅਥਾਰਟੀ, ਇਕ ਅਧਿਕਾਰੀ ਨੂੰ ਕਮਿਸ਼ਨਰ, ਅਤੇ ਉਸਦੀ ਸਹਾਇਤਾ ਲਈ ਅਜਿਹੇ ਹੋਰ ਅਧਿਕਾਰੀ ਨਿਯੁਕਤ ਕਰ ਸਕੇਗੀ ਜੋ ਉਹ ਢੁਕਵਾਂ ਸਮਝੇ।

(2) ਕਮਿਸ਼ਨਰ ਦੀ ਅਧਿਕਾਰਤਾ ਪੂਰੇ ਪੰਜਾਬ ਰਾਜ ਤੇ ਹੋਵੇਗੀ।

(3) ਅਜਿਹੀਆਂ ਪਾਬੰਦੀਆਂ ਅਤੇ ਸ਼ਰਤਾਂ ਦੇ ਤਾਬੇ ਜੋ ਮੁਕੱਰਰ ਕੀਤੀਆਂ ਜਾਣ, ਕਮਿਸ਼ਨਰ, ਲਿਖਤੀ ਰੂਪ ਵਿੱਚ ਹੁਕਮ ਦੁਆਰਾ ਇਸ ਐਕਟ ਅਧੀਨ ਆਪਣੀਆਂ ਕੋਈ ਵੀ ਸ਼ਕਤੀਆਂ ਅਤੇ ਕਰਤੱਵ ਉਪ-ਧਾਰਾ (1) ਅਧੀਨ ਨਿਯੁਕਤ ਕਿਸੇ ਵੀ ਅਧਿਕਾਰੀ ਨੂੰ ਸੌਂਪ ਸਕੇਗਾ।

ਕਰ ਲਗਾਉਣਾ ਅਤੇ ਚਾਰਜ।

4. (1) ਭਾਰਤ ਦੇ ਸੰਵਿਧਾਨ ਦੇ ਅਨੁਛੇਦ 276 ਅਤੇ ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਪੇਸ਼ਿਆਂ, ਵਪਾਰਾਂ, ਕਿੱਤਿਆਂ ਅਤੇ ਰੁਜ਼ਗਾਰਾਂ 'ਤੇ ਕਰ ਲਗਾਇਆ ਅਤੇ ਉਗਰਾਹਿਆ ਜਾਵੇਗਾ।

(2) ਕਿਸੇ ਵੀ ਪੇਸ਼ੇ, ਵਪਾਰ, ਕਿੱਤੇ ਜਾਂ ਰੁਜ਼ਗਾਰ ਵਿੱਚ ਲੱਗਿਆ ਹੋਇਆ ਹਰੇਕ ਵਿਅਕਤੀ ਅਤੇ ਜੋ ਅਨੁਸੂਚੀ ਵਿੱਚ ਜ਼ਿਕਰ ਕੀਤੇ ਕਿਸੇ ਵੀ ਵਰਗ ਅਧੀਨ ਆਉਂਦਾ ਹੈ, ਸਮੇਂ-ਸਮੇਂ 'ਤੇ ਅਨੁਸੂਚੀ ਵਿੱਚ ਜ਼ਿਕਰ ਕੀਤੀਆਂ ਦਰਾਂ 'ਤੇ ਕਰ ਅਦਾ ਕਰਨ ਲਈ ਭਾਗੀ ਹੋਵੇਗਾ। ਫਿਰ ਵੀ, ਸੀਨੀਅਰ ਨਾਗਰਿਕਾਂ ਨੂੰ ਆਮਦਨ ਕਰ ਐਕਟ, 1961 ਦੇ ਅਨੁਸਾਰ ਛੋਟ ਦਿੱਤੀ ਜਾਵੇਗੀ।

(3) ਇਸ ਐਕਟ ਅਧੀਨ ਕਰ ਕੇਵਲ ਅਨੁਸੂਚੀ ਵਿੱਚ ਜ਼ਿਕਰ ਕੀਤੀਆਂ ਸ਼੍ਰੇਣੀਆਂ ਦੇ ਵਿਅਕਤੀਆਂ ਤੇ ਤਾਂ ਹੀ ਲਗਾਇਆ ਜਾਵੇਗਾ ਜੇਕਰ ਉਹ ਆਮਦਨ ਕਰ ਅਦਾ ਕਰਨ ਵਾਲੇ ਹਨ ਭਾਵ ਕਿਸੇ ਖਾਸ ਵਿੱਤੀ ਸਾਲ ਲਈ ਕਰ, ਇਸ ਐਕਟ ਦੇ ਅਧੀਨ ਕੇਵਲ ਉਨ੍ਹਾਂ ਵਿਅਕਤੀਆਂ ਦੁਆਰਾ ਦੇਣਯੋਗ ਹੋਵੇਗਾ ਜਿਨ੍ਹਾਂ ਦੀ ਉਸੇ ਵਿੱਤੀ ਸਾਲ ਲਈ ਕਰਯੋਗ ਆਮਦਨ, ਇਸ ਐਕਟ ਦੇ ਅਧੀਨ ਲਗਾਏ ਗਏ ਕਰ ਦੀ ਕਟੌਤੀ ਦੀ ਇਜਾਜ਼ਤ ਦੇਣ ਤੋਂ ਪਹਿਲਾਂ, ਉਸ ਅਧਿਕਤਮ ਰਕਮ ਤੋਂ ਵੱਧ ਹੈ ਜੋ ਉਸ ਸਾਲ ਲਈ ਇਸ ਐਕਟ ਦੇ ਅਧੀਨ ਉਸ ਦੁਆਰਾ ਦੇਣਯੋਗ ਕਰ ਦੀ ਰਕਮ ਤੋਂ ਆਮਦਨ ਕਰ ਲਈ ਚਾਰਜ-ਕਰਨਯੋਗ ਨਹੀਂ ਹੈ:

ਪਰੰਤੂ ਸਰਕਾਰ ਅਧਿਸੂਚਨਾ ਦੁਆਰਾ, ਅਨੁਸੂਚੀ ਵਿੱਚ ਉਲਿਖਤ ਕਰ ਦੀ ਦਰ ਨੂੰ ਬਦਲ ਸਕਦੀ ਹੈ, ਅਨੁਸੂਚੀ ਵਿੱਚ ਵਾਧਾ ਜਾਂ ਲੋਪ ਕਰ ਸਕਦੀ ਹੈ ਜਾਂ ਕਿਸੇ ਹੋਰ ਤਰ੍ਹਾਂ ਨਾਲ ਸੋਧ ਕਰ ਸਕਦੀ ਹੈ ਅਤੇ ਇਸ ਤੋਂ ਬਾਅਦ, ਅਨੁਸੂਚੀ ਨੂੰ ਉਸ ਅਨੁਸਾਰ ਸੋਧਿਆ ਗਿਆ ਸਮਝਿਆ ਜਾਵੇਗਾ:

ਪਰੰਤੂ ਇਹ ਹੋਰ ਕਿ ਅਜਿਹੀਆਂ ਸ਼ਰਤਾਂ ਅਤੇ ਪਾਬੰਦੀਆਂ ਦੇ ਤਾਬੇ ਜੋ ਮੁਕੱਰਰ ਕੀਤੀਆਂ ਜਾਣ, ਇੱਕ ਭਰਤੀ ਕੀਤੇ ਵਿਅਕਤੀ ਨੂੰ ਉਸ ਮੁੱਦਤ ਦੇ ਬਾਰੇ ਵਿੱਚ ਕਰ ਦੀ ਅਦਾਇਗੀ ਕਰਨ ਦੀ ਲੋੜ ਨਹੀਂ ਹੋਵੇਗੀ, ਜਿਸ ਦੌਰਾਨ ਉਹ ਅਸਥਾਈ ਤੌਰ 'ਤੇ ਕਿਸੇ ਪੇਸ਼ੇ, ਵਪਾਰ ਜਾਂ ਕਿੱਤੇ ਵਿੱਚ ਲੱਗਿਆ ਹੋਇਆ ਨਹੀਂ ਹੈ:

ਪਰੰਤੂ ਇਹ ਹੋਰ ਕਿ ਸਰਕਾਰ, ਅਧਿਸੂਚਨਾ ਦੁਆਰਾ, ਕਿਸੇ ਵੀ ਵਿਅਕਤੀ ਜਾਂ ਵਿਅਕਤੀਆਂ ਦੇ ਵਰਗ ਨੂੰ ਕਰ ਦੀ ਅਦਾਇਗੀ ਤੋਂ ਅਜਿਹੀਆਂ ਸ਼ਰਤਾਂ ਦੇ ਤਾਬੇ ਛੋਟ ਦੇ ਸਕੇਗੀ ਜੋ ਸਮੇਂ-ਸਮੇਂ ਤੇ ਅਧਿਸੂਚਿਤ ਕੀਤੀਆਂ ਜਾਣ।

(4) ਜਿੱਥੇ ਕੋਈ ਵਿਅਕਤੀ ਅਨੁਸੂਚੀ ਵਿੱਚ ਇੱਕ ਤੋਂ ਵੱਧ ਸ਼੍ਰੇਣੀਆਂ ਦੇ ਅਧੀਨ ਆਉਂਦਾ ਹੈ, ਤਾਂ ਉਹ ਸਿਰਫ਼ ਇੱਕ ਸ਼੍ਰੇਣੀ ਦੇ ਅਧੀਨ ਹੀ ਕਰ ਦਾ ਭੁਗਤਾਨ ਕਰਨ ਦਾ ਭਾਗੀ ਹੋਵੇਗਾ।

ਨਿਯੋਜਕ ਦੀ ਕਰਮਚਾਰੀਆਂ ਨਮਿੱਤ ਕਰ ਦੀ ਕਟੌਤੀ ਅਤੇ ਅਦਾ ਕਰਨ ਲਈ ਉਤਰਦਾਇਤਾ।

5. ਤਨਖਾਹ ਜਾਂ ਉਜਰਤ ਕਮਾਉਣ ਵਾਲੇ ਕਿਸੇ ਵੀ ਵਿਅਕਤੀ ਦੁਆਰਾ ਇਸ ਐਕਟ ਦੇ ਅਧੀਨ ਭੁਗਤਾਨਯੋਗ ਕਰ ਉਸਦੇ ਨਿਯੋਜਕ ਦੁਆਰਾ ਅਜਿਹੇ ਵਿਅਕਤੀ ਨੂੰ ਦੇਣਯੋਗ ਤਨਖਾਹ ਜਾਂ ਉਜਰਤ ਵਿੱਚੋਂ ਅਜਿਹੀ ਤਨਖਾਹ ਜਾਂ ਉਜਰਤ ਅਦਾ ਕੀਤੇ ਜਾਣ ਤੋਂ ਪਹਿਲਾਂ, ਕੱਟ ਲਿਆ ਜਾਵੇਗਾ, ਅਤੇ ਅਜਿਹਾ ਨਿਯੋਜਕ, ਇਸ ਗੱਲ ਦੇ ਬਿਨਾਂ ਲਿਹਾਜ਼ ਭਾਵੇਂ ਅਜਿਹੀ ਕਟੌਤੀ ਕੀਤੀ ਗਈ ਹੋਵੇ ਜਾਂ ਨਾ ਹੋਵੇ, ਜਦੋਂ ਅਜਿਹੇ ਵਿਅਕਤੀ ਨੂੰ ਤਨਖਾਹ ਜਾਂ ਉਜਰਤ ਅਦਾ ਕੀਤੀ ਜਾਂਦੀ ਹੈ, ਤਾਂ ਅਜਿਹੇ ਸਾਰੇ ਵਿਅਕਤੀਆਂ ਦੇ ਨਮਿੱਤ ਕਰ ਅਦਾ ਕਰਨ ਲਈ ਭਾਗੀ ਹੋਵੇਗਾ:

ਪਰੰਤੂ ਜਿੱਥੇ ਤਨਖਾਹ ਜਾਂ ਉਜਰਤ ਕਮਾਉਣ ਵਾਲਾ ਕੋਈ ਵਿਅਕਤੀ, ਜੋ ਅਨੁਸੂਚੀ ਦੇ ਕਿਸੇ ਇੰਦਰਾਜ ਅਧੀਨ ਆਉਂਦਾ ਹੈ, ਇੱਕੋ ਸਮੇਂ ਇੱਕ ਤੋਂ ਵੱਧ ਨਿਯੋਜਕਾਂ ਦੇ ਰੁਜ਼ਗਾਰ ਵਿੱਚ ਲੱਗਿਆ ਹੋਇਆ ਹੈ, ਅਤੇ ਅਜਿਹਾ ਵਿਅਕਤੀ ਆਪਣੇ ਨਿਯੋਜਕ ਜਾਂ ਨਿਯੋਜਕਾਂ ਨੂੰ ਮੁਕੱਰਰ ਫਾਰਮ ਵਿੱਚ ਇਸ ਭਾਵ ਦਾ ਇੱਕ ਘੋਸ਼ਣਾ ਪੱਤਰ ਦਿੰਦਾ ਹੈ ਕਿ ਉਸਨੇ ਧਾਰਾ 6 ਦੀ ਉਪ-ਧਾਰਾ (2) ਦੇ ਅਧੀਨ ਭਰਤੀ ਦਾ ਸਰਟੀਫਿਕੇਟ ਪ੍ਰਾਪਤ ਕੀਤਾ ਹੈ ਅਤੇ ਉਹ ਖੁਦ ਕਰ ਦੀ ਅਦਾਇਗੀ ਕਰੇਗਾ, ਤਾਂ ਇਸ ਧਾਰਾ ਦੇ ਅਧੀਨ ਨਿਯੋਜਕ ਜਾਂ ਨਿਯੋਜਕਾਂ ਦੁਆਰਾ ਕਰ ਦੀ ਕੋਈ ਕਟੌਤੀ ਜਾਂ ਅਦਾਇਗੀ ਨਹੀਂ ਕੀਤੀ ਜਾਵੇਗੀ ਅਤੇ ਅਜਿਹਾ ਨਿਯੋਜਕ ਜਾਂ ਨਿਯੋਜਕ, ਜਿਹੀ ਕਿ ਸੂਰਤ ਹੋਵੇ, ਅਜਿਹੇ ਵਿਅਕਤੀ ਦੇ ਨਮਿੱਤ ਕਰ ਦੀ ਅਦਾਇਗੀ ਕਰਨ ਲਈ ਭਾਗੀ ਨਹੀਂ ਹੋਵੇਗਾ।

6. (1) ਧਾਰਾ 4 ਅਧੀਨ ਕਰ ਦੀ ਅਦਾਇਗੀ ਕਰਨ ਲਈ ਭਾਗੀ ਹਰੇਕ ਨਿਯੋਜਕ, ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ ਸੱਠ ਦਿਨਾਂ ਦੀ ਮੁੱਦਤ ਦੇ ਅੰਦਰ, ਮੁਕੱਰਰ ਤਰੀਕੇ ਨਾਲ਼ ਨਾਮਤ ਅਧਿਕਾਰੀ ਤੋਂ ਰਜਿਸਟਰੀਕਰਨ ਦਾ ਸਰਟੀਫਿਕੇਟ ਪ੍ਰਾਪਤ ਕਰੇਗਾ: ਰਜਿਸਟਰੀਕਰਨ ਅਤੇ ਨਾਂ ਦਰਜ ਕਰਨਾ ।

ਪਰੰਤੂ ਸਰਕਾਰ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਵਰਗ ਨੂੰ ਇਸ ਐਕਟ ਦੇ ਅਧੀਨ ਰਜਿਸਟਰੀਕਰਨ ਦਾ ਸਰਟੀਫਿਕੇਟ ਪ੍ਰਾਪਤ ਕਰਨ ਤੋਂ ਛੋਟ ਦੇ ਸਕੇਗੀ:

ਪਰੰਤੂ ਇਹ ਹੋਰ ਕਿ ਰਜਿਸਟਰੀਕਰਨ ਸਰਟੀਫਿਕੇਟ ਪ੍ਰਾਪਤ ਕਰਨ ਤੋਂ ਛੋਟ ਇਸ ਐਕਟ ਦੇ ਅਧੀਨ ਅਦਾਇਗੀ ਯੋਗ ਕਰ ਦੀ ਅਦਾਇਗੀ ਤੋਂ ਛੋਟ ਨਹੀਂ ਹੋਵੇਗੀ।

(2) ਇਸ ਐਕਟ ਦੇ ਅਧੀਨ ਕਰ ਦੀ ਅਦਾਇਗੀ ਕਰਨ ਲਈ ਭਾਗੀ ਹਰੇਕ ਵਿਅਕਤੀ (ਤਨਖਾਹ ਜਾਂ ਉਜਰਤਾਂ ਕਮਾਉਣ ਵਾਲੇ ਇੱਕ ਵਿਅਕਤੀ ਤੋਂ ਇਲਾਵਾ ਜਿਸ ਦੇ ਬਾਰੇ ਵਿੱਚ ਕਰ ਉਸਦੇ ਨਿਯੋਜਕ ਦੁਆਰਾ ਅਦਾਇਗੀਯੋਗ ਹੈ) ਮੁਕੱਰਰ ਤਰੀਕੇ ਨਾਲ਼ ਨਾਮਤ ਅਧਿਕਾਰੀ ਨਾਂ ਦਰਜ ਕਰਨ ਵਾਲਾ ਸਰਟੀਫਿਕੇਟ ਪ੍ਰਾਪਤ ਕਰੇਗਾ:

ਪਰੰਤੂ ਜੇ ਕੋਈ ਵਿਅਕਤੀ ਪਹਿਲਾਂ ਹੀ ਨਿਯੋਜਕ ਵਜੋਂ ਨਾਂ ਦਰਜ ਕਰਵਾ ਚੁੱਕਾ ਹੈ, ਤਾਂ ਉਸ ਨੂੰ ਵੱਖਰੇ ਤੌਰ ਤੇ ਰਜਿਸਟਰੀਕਰਨ ਦੀ ਲੋੜ ਨਹੀਂ ਹੋਵੇਗੀ ਅਤੇ ਉਹ ਇਕ ਵਿਅਕਤੀ ਵਜੋਂ ਅਤੇ ਇਕ ਨਿਯੋਜਕ ਵਜੋਂ ਉਸੇ ਰਜਿਸਟਰੀਕਰਨ ਤੇ ਕਰ ਦੇਣਦਾਰੀ ਪ੍ਰਗਟ ਕਰੇਗਾ।

(3) ਨਾਮਤ ਅਧਿਕਾਰੀ ਹਰੇਕ ਨਾਂ ਦਰਜ ਕਰਨ ਵਾਲੇ ਸਰਟੀਫਿਕੇਟ ਵਿੱਚ ਅਨੁਸੂਚੀ ਦੇ ਅਨੁਸਾਰ ਧਾਰਕ ਦੁਆਰਾ ਅਦਾਇਗੀਯੋਗ ਕਰ ਦੀ ਰਕਮ ਅਤੇ ਉਸ ਤਰੀਕ ਦਾ ਜ਼ਿਕਰ ਕਰੇਗਾ ਜਿਸ ਤੱਕ ਉਹ ਅਦਾ ਕੀਤੀ ਜਾਵੇਗੀ, ਅਤੇ ਅਜਿਹੇ ਸਰਟੀਫਿਕੇਟ ਨੂੰ ਧਾਰਾ 12 ਦੇ ਪ੍ਰਯੋਜਨਾਂ ਲਈ ਮੰਗ ਦਾ ਨੋਟਿਸ ਸਮਝਿਆ ਜਾਵੇਗਾ।

(4) ਹਰੇਕ ਨਿਯੋਜਕ ਜਾਂ ਵਿਅਕਤੀ ਜਿਸ ਲਈ ਰਜਿਸਟਰੀਕਰਨ ਜਾਂ ਨਾਂ ਦਰਜ ਕਰਨ ਵਾਲਾ ਸਰਟੀਫਿਕੇਟ ਪ੍ਰਾਪਤ ਕਰਨਾ ਲੋੜੀਂਦਾ ਹੈ, ਅਜਿਹੀ ਮੁੱਦਤ ਅੰਦਰ ਜੋ ਮੁਕੱਰਰ ਕੀਤੀ ਜਾਵੇ, ਜਾਂ, ਜੇਕਰ ਉਹ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਨੂੰ ਕਿਸੇ ਪੇਸ਼ੇ, ਵਪਾਰ, ਕਿੱਤੇ ਜਾਂ ਰੁਜ਼ਗਾਰ ਵਿੱਚ ਲੱਗਿਆ ਹੋਇਆ ਨਹੀਂ ਸੀ, ਤਾਂ ਆਪਣੇ ਪੇਸ਼ੇ, ਵਪਾਰ, ਕਿੱਤੇ ਜਾਂ ਰੁਜ਼ਗਾਰ ਦੇ ਅਰੰਭ ਹੋਣ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਦੇ ਅੰਦਰ, ਜਾਂ, ਜਿਹੀ ਕਿ ਸੂਰਤ ਹੋਵੇ, ਕਰ ਦੀ ਅਦਾਇਗੀ ਕਰਨ ਦੇ ਭਾਗੀ ਬਣਨ ਦੀ ਤਰੀਕ ਤੋਂ ਅਜਿਹੀ ਮੁੱਦਤ ਦੇ ਅੰਦਰ ਜੋ ਮੁਕੱਰਰ ਕੀਤੀ ਜਾਵੇ, ਜਾਂ ਉਪ-ਧਾਰਾ (2) ਵਿੱਚ ਹਵਾਲਾ ਦਿੱਤੇ ਵਿਅਕਤੀ ਦੇ ਬਾਰੇ ਵਿੱਚ ਕਰ ਦੀ ਅਦਾਇਗੀ ਕਰਨ ਦੇ ਭਾਗੀ ਬਣਨ ਦੀ ਤਰੀਕ ਤੋਂ ਅਜਿਹੀ ਮੁਦਤ ਦੇ ਅੰਦਰ, ਮੁਕੱਰਰ ਫਾਰਮ ਵਿੱਚ ਨਾਮਤ ਅਧਿਕਾਰੀ ਨੂੰ ਰਜਿਸਟਰੀਕਰਨ ਜਾਂ ਨਾਂ ਦਰਜ ਕਰਨ ਵਾਲੇ ਸਰਟੀਫਿਕੇਟ ਲਈ ਅਰਜ਼ੀ ਦੇਵੇਗਾ, ਅਤੇ ਨਾਮਤ ਅਧਿਕਾਰੀ, ਅਜਿਹੀ ਜਾਂਚ ਕਰਨ ਤੋਂ ਪਿੱਛੋਂ

ਜਿਵੇਂ ਉਹ ਢੁਕਵੀਂ ਸਮਝਦਾ ਹੈ, ਅਰਜ਼ੀ ਪ੍ਰਾਪਤ ਹੋਣ ਦੇ ਤੀਹ ਦਿਨਾਂ ਦੇ ਅੰਦਰ, ਜੇਕਰ ਅਰਜ਼ੀ ਕ੍ਰਮਬੱਧ ਹੈ, ਉਸਨੂੰ ਅਜਿਹਾ ਸਰਟੀਫਿਕੇਟ ਜਾਰੀ ਕਰੇਗਾ।

ਵਿਵਰਣੀਆਂ ।

7. (1) ਇਸ ਐਕਟ ਅਧੀਨ ਦਰਜ ਹਰੇਕ ਵਿਅਕਤੀ ਕਰ ਦਾ ਸਵੈ-ਮੁਲਾਂਕਣ ਕਰੇਗਾ ਅਤੇ ਮੁਕੱਰਰ ਸਮੇਂ ਦੇ ਅੰਦਰ ਅਤੇ ਅਜਿਹੇ ਰੂਪ ਵਿੱਚ ਜਿਵੇਂ ਮੁਕੱਰਰ ਕੀਤਾ ਜਾਵੇ, ਨਾਮਤ ਅਧਿਕਾਰੀ ਨੂੰ ਇੱਕ ਮੁਦੱਤ ਲਈ ਵਿਵਰਣੀ ਦਾਇਰ ਕਰੇਗਾ, ਜਿਸ ਵਿੱਚ ਉਸ ਦੇ ਪੇਸ਼ੇ, ਵਪਾਰ, ਕਿੱਤੇ ਜਾਂ ਰੁਜ਼ਗਾਰ ਤੋਂ ਪੂਰਵਲੇਂ ਸਾਲ ਜਾਂ ਉਸਦੇ ਭਾਗ ਦੀ ਸਾਲਾਨਾ ਕੁੱਲ ਆਮਦਨ ਅਤੇ ਉਸ ਦੁਆਰਾ ਅਦਾਇਗੀਯੋਗ ਜਾਂ ਅਦਾ ਕੀਤਾ ਗਿਆ ਕਰ ਦਰਸਾਇਆ ਗਿਆ ਹੋਵੇ।

(2) ਇਸ ਐਕਟ ਅਧੀਨ ਰਜਿਸਟਰਸ਼ੁਦਾ ਹਰੇਕ ਨਿਯੋਜਕ ਕਰ ਦਾ ਸਵੈ-ਮੁਲਾਂਕਣ ਕਰੇਗਾ ਅਤੇ ਅਜਿਹੇ ਰੂਪ ਵਿੱਚ, ਅਜਿਹੀਆਂ ਮੁੱਦਤਾਂ ਲਈ ਅਤੇ ਅਜਿਹੀਆਂ ਤਰੀਕਾਂ ਤੱਕ ਜਿਵੇਂ ਮੁਕੱਰਰ ਕੀਤੀਆਂ ਜਾਣ, ਨਾਮਤ ਅਧਿਕਾਰੀ ਕੋਲ ਵਿਵਰਣੀ ਦਾਇਰ ਕਰੇਗਾ, ਜਿਸ ਵਿੱਚ ਉਸ ਦੁਆਰਾ ਅਦਾ ਕੀਤੀਆਂ ਗਈਆਂ ਤਨਖਾਹਾਂ ਅਤੇ ਉਜਰਤਾਂ ਅਤੇ ਇਸ ਦੇ ਬਾਰੇ ਵਿੱਚ ਉਸ ਦੁਆਰਾ ਕੱਟੇ ਗਏ ਕਰ ਦੀ ਰਕਮ ਦਰਸਾਈ ਗਈ ਹੋਵੇ।

(3) ਕਮਿਸ਼ਨਰ, ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਦੇ ਤਾਬੇ ਜੋ ਮੁਕੱਰਰ ਕੀਤੀਆਂ ਜਾਣ, ਕਿਸੇ ਅਜਿਹੇ ਨਿਯੋਜਕ ਨੂੰ ਅਜਿਹੀ ਵਿਵਰਣੀ ਭਰਨ ਤੋਂ ਛੋਟ ਦੇ ਸਕੇਗਾ ਜਾਂ ਕਿਸੇ ਅਜਿਹੇ ਨਿਯੋਜਕ ਨੂੰ,-

(i) ਉਹਨਾਂ ਨੂੰ ਅਜਿਹੀਆਂ ਵੱਖ-ਵੱਖ ਮੁੱਦਤਾਂ ਲਈ ਪੇਸ਼ ਕਰਨ ਦੀ; ਜਾਂ

(ii) ਉਸ ਰਾਜ ਵਿੱਚ ਨਿਯੋਜਕ ਦੇ ਸਾਰੇ ਜਾਂ ਕਿਸੇ ਵੀ ਸਥਾਨ ਜਾਂ ਕੰਮ ਦੇ ਬਾਰੇ ਵਿੱਚ ਜਿੱਥੇ ਅਜਿਹਾ ਨਿਯੋਜਕ ਸਧਾਰਨ ਤੌਰ 'ਤੇ ਆਪਣਾ ਪੇਸ਼ਾ, ਵਪਾਰ, ਕਿੱਤਾ ਅਤੇ ਰੁਜਗਾਰ ਕਰਦਾ ਹੈ, ਉਕਤ ਮੁੱਦਤ ਲਈ ਜਾਂ ਅਜਿਹੀਆਂ ਵੱਖ-ਵੱਖ ਮੁੱਦਤਾਂ ਲਈ, ਜਿਵੇਂ ਉਹ ਨਿਰਦੇਸ਼ਤ ਕਰੇ, ਨਾਮਤ ਅਧਿਕਾਰੀ ਕੋਲ ਇੱਕ ਸੰਚਿਤ ਵਿਵਰਣੀ ਪੇਸ਼ ਕਰਨ ਦੀ,

ਆਗਿਆ ਦੇ ਸਕੇਗਾ।

(4) ਹਰੇਕ ਵਿਵਰਣੀ ਦੇ ਨਾਲ਼ ਵਿਵਰਣੀ ਦੇ ਅਨੁਸਾਰ ਦੇਣਯੋਗ ਕਰ ਦੀ ਪੂਰੀ ਰਕਮ ਦੀ ਅਦਾਇਗੀ ਦਾ ਸਬੂਤ ਹੋਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(5) ਅਦਾਇਗੀ ਦੇ ਅਜਿਹੇ ਸਬੂਤ ਤੋਂ ਬਿਨਾਂ ਵਿਵਰਣੀ ਨੂੰ ਸਹੀ ਢੰਗ ਨਾਲ਼ ਦਾਇਰ ਕੀਤਾ ਨਹੀਂ ਸਮਝਿਆ ਜਾਵੇਗਾ।

(6) ਇਸ ਧਾਰਾ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਮਿਸ਼ਨਰ ਜਾਂ ਨਾਮਤ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਨੋਟਿਸ ਦੁਆਰਾ, ਕਰਯੋਗ ਵਿਅਕਤੀ ਜਾਂ ਰਜਿਸਟਰਸ਼ੁਦਾ ਵਿਅਕਤੀ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਨੂੰ ਅਜਿਹੇ ਅੰਤਰਾਲਾਂ 'ਤੇ ਅਤੇ

ਅਜਿਹੇ ਰੂਪ ਵਿੱਚ ਅਤੇ ਅਜਿਹੀ ਜਾਣਕਾਰੀ ਵਾਲੀਆਂ ਵਿਵਰਣੀਆਂ ਦਾਇਰ ਕਰਨ ਲਈ ਨਿਰਦੇਸ਼ਤ ਕਰ ਸਕੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(7) ਵਿਵਰਣੀ ਦਾਇਰ ਕਰਨ ਲਈ ਭਾਗੀ ਕੋਈ ਨਿਯੋਜਕ ਜਾਂ ਵਿਅਕਤੀ, ਜਿਸਨੇ ਵਿਵਰਣੀ ਪੇਸ਼ ਕੀਤੀ ਹੈ, ਜੇਕਰ ਉਸਨੂੰ ਕਿਸੇ ਉਕਾਈ ਜਾਂ ਗਲਤ ਬਿਆਨ, ਜੇਕਰ ਕੋਈ ਹੋਵੇ, ਦਾ ਪਤਾ ਲੱਗਦਾ ਹੈ, ਤਾਂ ਉਹ ਉਕਤ ਵਿਵਰਣੀ ਅੰਦਰ ਆਉਂਦੀ ਮੁੱਦਤ ਦੇ ਬਾਰੇ ਵਿੱਚ ਉਸਨੂੰ ਮੁਲਾਂਕਣ ਲਈ ਨੋਟਿਸ ਤਾਮੀਲ ਕੀਤੇ ਜਾਣ ਤੋਂ ਪਹਿਲਾਂ ਜਾਂ ਜਿਸ ਸਾਲ ਨਾਲ ਅਜਿਹੀ ਵਿਵਰਣੀ ਸੰਬੰਧਤ ਹੈ, ਉਸ ਸਾਲ ਦੇ ਅੰਤ ਤੋਂ ਤਿੰਨ ਮਹੀਨੇ ਦੀ ਮੁੱਦਤ ਦੇ ਗੁਜਰਣ ਤੋਂ ਪਹਿਲਾਂ, ਜੋ ਵੀ ਪਹਿਲਾਂ ਹੋਵੇ, ਵਿਵਰਣੀ ਅੰਦਰ ਆਉਂਦੀ ਮੁੱਦਤ ਦੇ ਬਾਰੇ ਵਿੱਚ ਇੱਕ ਸੋਧੀ ਹੋਈ ਵਿਵਰਣੀ ਕਿਸੇ ਵੀ ਸਮੇਂ ਪੇਸ਼ ਕਰ ਸਕੇਗਾ।

ਨਿਯੋਜਕਾਂ ਦਾ ਨਿਰਧਾਰਣ।

8. (1) ਜੇ ਮਾਨਤ ਅਧਿਕਾਰੀ ਦੀ ਇਸ ਗੱਲ ਤੋਂ ਤਸੱਲੀ ਹੈ ਕਿ ਕਿਸੇ ਨਿਰਧਾਰਤੀ ਦੁਆਰਾ ਦਾਇਰ ਕੀਤੀ ਗਈ ਵਿਵਰਣੀ ਸਹੀ ਅਤੇ ਸੰਪੂਰਨ ਹੈ, ਤਾਂ ਉਹ ਵਿਵਰਣੀ ਸਵੀਕਾਰ ਕਰੇਗਾ।

(2) ਜਿੱਥੇ ਧਾਰਾ 7 ਦੀ ਉਪ-ਧਾਰਾ (2) ਦੇ ਅਧੀਨ ਵਿਵਰਣੀ ਦਾਇਰ ਕੀਤੀ ਗਈ ਹੈ, ਪਰ ਅਜਿਹੀ ਵਿਵਰਣੀ ਦੇ ਆਧਾਰ 'ਤੇ ਕੋਈ ਕਰ ਜਾਂ ਵਿਆਜ ਦੇਣਯੋਗ ਪਾਇਆ ਜਾਂਦਾ ਹੈ, ਤਦ, ਇਸ ਤਰ੍ਹਾਂ ਅਦਾਇਗੀਯੋਗ ਰਕਮ ਉਲਿਖਤ ਕਰਦੇ ਹੋਏ ਵਿਅਕਤੀ ਨੂੰ ਇਤਲਾਹ ਭੇਜੀ ਜਾਵੇਗੀ ਅਤੇ ਅਜਿਹੀ ਇਤਲਾਹ ਨੂੰ ਜਾਰੀ ਕੀਤਾ ਗਿਆ ਮੰਗ ਨੋਟਿਸ ਸਮਝਿਆ ਜਾਵੇਗਾ ਅਤੇ ਇਸ ਐਕਟ ਦੇ ਸਾਰੇ ਉਪਬੰਧ ਉਸੇ ਅਨੁਸਾਰ ਲਾਗੂ ਹੋਣਗੇ।

(3) (ੳ) ਜੇ ਨਾਮਤ ਅਧਿਕਾਰੀ ਦੀ ਇਸ ਗੱਲ ਤੋਂ ਤਸੱਲੀ ਨਹੀਂ ਹੈ ਕਿ ਦਾਇਰ ਕੀਤੀ ਗਈ ਵਿਵਰਣੀ ਸਹੀ ਅਤੇ ਸੰਪੂਰਨ ਹੈ, ਤਾਂ ਉਹ ਨਿਯੋਜਕ ਨੂੰ ਇੱਕ ਨੋਟਿਸ ਤਾਮੀਲ ਕਰੇਗਾ, ਜਿਸ ਵਿੱਚ ਉਸਨੂੰ ਨੋਟਿਸ ਵਿੱਚ ਉਲਿਖਤ ਕੀਤੀ ਗਈ ਤਰੀਕ ਨੂੰ ਵਿਅਕਤੀਗਤ ਤੌਰ 'ਤੇ ਜਾਂ ਕਿਸੇ ਅਧਿਕਾਰਤ ਪ੍ਰਤੀਨਿਧੀ ਰਾਹੀਂ ਹਾਜ਼ਰ ਹੋਣ ਅਤੇ ਵਿਵਰਣੀ ਦੇ ਸਮਰਥਨ ਵਿੱਚ ਲੇਖੇ ਅਤੇ ਕਾਗਜ਼ਾਤ ਪੇਸ਼ ਕਰਨਾ ਲੋੜਿਆ ਜਾਵੇਗਾ।

(ਅ) ਨਾਮਤ ਅਧਿਕਾਰੀ, ਲੇਖਿਆਂ ਅਤੇ ਕਾਗਜ਼ਾਤ ਦੀ ਜਾਂਚ ਕਰਨ 'ਤੇ, ਨਿਯੋਜਕ ਦੁਆਰਾ ਅਦਾਇਗੀਯੋਗ ਕਰ ਦੀ ਰਕਮ ਨਿਰਧਾਰਤ ਕਰੇਗਾ।

(ੲ) ਜੇ ਨਿਯੋਜਕ ਨੋਟਿਸ ਦੇ ਨਿਬੰਧਨਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਜਾਂ ਜੇਕਰ ਨਾਮਤ ਅਧਿਕਾਰੀ ਦੀ ਰਾਏ ਵਿੱਚ ਲੇਖੇ ਅਤੇ ਕਾਗਜ਼ਾਤ ਗਲਤ ਜਾਂ ਅਧੂਰੇ ਜਾਂ ਭਰੋਸੇਯੋਗ ਨਹੀਂ ਹਨ, ਤਾਂ ਉਕਤ ਨਾਮਤ ਅਧਿਕਾਰੀ, ਅਜਿਹੀ ਜਾਂਚ ਤੋਂ ਪਿੱਛੋਂ ਜਿਵੇਂ ਉਹ ਢੁਕਵੀਂ ਸਮਝੇ

ਜਾਂ ਹੋਰ ਤਰ੍ਹਾਂ, ਆਪਣੇ ਸਰੇਸ਼ਠ ਨਿਰਣੇ ਤੋਂ ਦੇਣਯੋਗ ਕਰ ਨਿਰਧਾਰਤ ਕਰੇਗਾ।

(4) ਜੇ ਕੋਈ ਨਿਯੋਜਕ ਬਿਨਾਂ ਕਿਸੇ ਵਾਜਬ ਕਾਰਨ ਦੇ ਆਪਣੇ ਆਪ ਨੂੰ ਰਜਿਸਟਰਸ਼ੁਦਾ ਕਰਵਾਉਣ ਵਿੱਚ ਅਸਫ਼ਲ ਰਿਹਾ ਹੈ ਜਾਂ ਰਜਿਸਟਰਸ਼ੁਦਾ ਹੁੰਦੇ ਹੋਏ ਕੋਈ ਵਿਵਰਣੀ ਦਾਇਰ ਕਰਨ ਵਿੱਚ ਅਸਫ਼ਲ ਰਿਹਾ ਹੈ, ਤਾਂ ਨਾਮਤ ਅਧਿਕਾਰੀ, ਨਿਯੋਜਕ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਪਿੱਛੋਂ ਅਤੇ ਅਜਿਹੀ ਜਾਂਚ ਕਰਨ ਤੋਂ ਪਿੱਛੋਂ ਜਿਵੇਂ ਉਹ ਢੁਕਵੀਂ ਸਮਝਦਾ ਹੈ ਜਾਂ ਹੋਰ ਤਰ੍ਹਾਂ, ਆਪਣੇ ਸਰੇਸ਼ਠ ਨਿਰਣੇ ਤੋਂ ਦੇਣਯੋਗ ਕਰ ਦੀ ਰਕਮ ਨਿਰਧਾਰਤ ਕਰਨ ਦਾ ਹੁਕਮ ਪਾਸ ਕਰੇਗਾ:

ਪਰੰਤੂ ਇਸ ਧਾਰਾ ਅਧੀਨ ਨਿਰਧਾਰਣ, ਵਿਵਰਣੀ ਦਾਇਰ ਕਰਨ ਦੀ ਆਖਰੀ ਤਰੀਕ ਜਾਂ ਵਿਵਰਣੀ ਦਾਇਰ ਕਰਨ ਦੀ ਅਸਲ ਤਰੀਕ ਤੋਂ, ਜੋ ਵੀ ਬਾਅਦ ਵਿੱਚ ਹੋਵੇ, ਤਿੰਨ ਸਾਲਾਂ ਦੀ ਮੁਦੱਤ ਦੇ ਅੰਦਰ ਕੀਤਾ ਜਾ ਸਕੇਗਾ।

(5) ਇਸ ਤਰ੍ਹਾਂ ਨਿਰਧਾਰਤ ਕਰ ਦੀ ਰਕਮ ਨਾਮਤ ਅਧਿਕਾਰੀ ਤੋਂ ਮੰਗ ਨੋਟਿਸ ਪ੍ਰਾਪਤ ਹੋਣ ਦੇ ਪੰਦਰਾਂ ਦਿਨਾਂ ਦੇ ਅੰਦਰ ਅਦਾ ਕੀਤੀ ਜਾਵੇਗੀ।

ਹੋਰ ਵਿਅਕਤੀਆਂ ਦਾ ਨਿਰਧਾਰਣ

9. (1) ਜੇ ਨਾਮਤ ਅਧਿਕਾਰੀ ਦੀ ਤਸੱਲੀ ਹੈ ਕਿ ਕਿਸੇ ਵਿਅਕਤੀ ਦੁਆਰਾ ਦਾਇਰ ਕੀਤੀ ਗਈ ਵਿਵਰਣੀ ਸਹੀ ਅਤੇ ਸੰਪੂਰਨ ਹੈ, ਤਾਂ ਉਹ ਵਿਵਰਣੀ ਸਵੀਕਾਰ ਕਰੇਗਾ।

(2) ਜਿੱਥੇ ਧਾਰਾ 7 ਦੀ ਉਪ-ਧਾਰਾ (1) ਦੇ ਅਧੀਨ ਜਾਂ ਧਾਰਾ 7 ਦੀ ਉਪ-ਧਾਰਾ (6) ਦੇ ਅਧੀਨ ਨੋਟਿਸ ਦੇ ਜਵਾਬ ਵਿੱਚ ਕੋਈ ਵਿਵਰਣੀ ਦਾਇਰ ਕੀਤੀ ਗਈ ਹੈ, ਪਰ ਅਜਿਹੀ ਵਿਵਰਣੀ ਦੇ ਆਧਾਰ 'ਤੇ ਕੋਈ ਕਰ ਜਾਂ ਵਿਆਜ ਦੇਣਯੋਗ ਪਾਇਆ ਜਾਂਦਾ ਹੈ, ਤਦ, ਇਸ ਤਰ੍ਹਾਂ ਅਦਾਇਗੀਯੋਗ ਰਕਮ ਉਲਿਖਤ ਕਰਦੇ ਹੋਏ ਵਿਅਕਤੀ ਨੂੰ ਇਤਲਾਹ ਭੇਜੀ ਜਾਵੇਗੀ ਅਤੇ ਅਜਿਹੀ ਇਤਲਾਹ, ਜਾਰੀ ਕੀਤਾ ਗਿਆ ਮੰਗ ਨੋਟਿਸ ਸਮਝਿਆ ਜਾਵੇਗਾ ਅਤੇ ਇਸ ਐਕਟ ਦੇ ਸਾਰੇ ਉਪਬੰਧ ਉਸੇ ਅਨੁਸਾਰ ਲਾਗੂ ਹੋਣਗੇ।

(3) ਜੇ ਧਾਰਾ 6 ਦੀ ਉਪ-ਧਾਰਾ (2) ਅਧੀਨ ਨਾਂ ਦਰਜ ਕਰਨ ਵਾਲਾ ਸਰਟੀਫਿਕੇਟ ਪ੍ਰਾਪਤ ਕਰਨ ਲਈ ਭਾਗੀ ਵਿਅਕਤੀ ਆਪਣਾ ਹੀ ਨਾਂ ਦਰਜ ਕਰਵਾਉਣ ਵਿੱਚ ਅਸਫ਼ਲ ਰਿਹਾ ਹੈ ਜਾਂ, ਨਾਂ ਦਰਜ ਹੁੰਦੇ ਹੋਏ ਇਸ ਐਕਟ ਦੁਆਰਾ ਜਾਂ ਅਧੀਨ ਲੋੜੇ ਜਾਂਦੇ ਕਰ ਦੀ ਰਕਮ ਦੇ ਪੂਰੇ ਜਾਂ ਕਿਸੇ ਵੀ ਭਾਗ ਦੀ ਅਦਾਇਗੀ ਕਰਨ ਵਿੱਚ ਅਸਫ਼ਲ ਰਿਹਾ ਹੈ, ਤਾਂ ਨਾਮਤ ਅਧਿਕਾਰੀ, ਅਜਿਹੇ ਵਿਅਕਤੀ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਪਿੱਛੋਂ, ਅਤੇ ਅਜਿਹੀ ਜਾਂਚ ਕਰਨ ਤੋਂ ਪਿੱਛੋਂ ਜੋ ਉਹ ਢੁਕਵੀਂ ਸਮਝਦਾ ਹੈ ਜਾਂ ਹੋਰ ਤਰ੍ਹਾਂ, ਉਸ ਤੋਂ ਦੇਣਯੋਗ ਕਰ ਦੀ ਰਕਮ ਨਿਰਧਾਰਤ ਕਰੇਗਾ, ਅਤੇ ਜੇਕਰ ਅਜਿਹੀ ਰਕਮ ਉਪਲਬਧ ਸਮੱਗਰੀ ਦੇ ਆਧਾਰ 'ਤੇ ਸਹੀ ਢੰਗ ਨਾਲ਼ ਨਿਰਧਾਰਤ ਨਹੀਂ ਕੀਤੀ ਜਾ ਸਕਦੀ, ਤਾਂ ਉਹ ਆਪਣੇ ਸਰੇਸ਼ਠ ਨਿਰਣੇ ਤੋਂ ਇਸਨੂੰ ਨਿਰਧਾਰਤ ਕਰੇਗਾ:

ਪਰੰਤੂ ਇਸ ਧਾਰਾ ਦੇ ਅਧੀਨ ਨਿਰਧਾਰਣ, ਵਿਵਰਣੀ ਦਾਇਰ ਕਰਨ ਦੀ ਆਖਰੀ ਤਰੀਕ ਜਾਂ ਵਿਵਰਣੀ ਦਾਇਰ ਕਰਨ ਦੀ ਅਸਲ ਤਰੀਕ ਤੋਂ, ਜੋ ਵੀ ਬਾਅਦ ਵਿੱਚ ਹੋਵੇ, ਤਿੰਨ ਸਾਲਾਂ ਦੀ ਮੁਦੱਤ ਦੇ ਅੰਦਰ ਕੀਤਾ ਜਾ ਸਕੇਗਾ।

(4) ਇਸ ਤਰ੍ਹਾਂ ਨਿਰਧਾਰਤ ਕੀਤੀ ਗਈ, ਦੇਣਯੋਗ ਕਰ ਦੀ ਰਕਮ, ਨਾਮਤ ਅਧਿਕਾਰੀ ਤੋਂ ਮੰਗ ਨੋਟਿਸ ਪ੍ਰਾਪਤ ਹੋਣ ਦੇ ਪੰਦਰਾਂ ਦਿਨਾਂ ਦੇ ਅੰਦਰ ਅਦਾ ਕੀਤੀ ਜਾਵੇਗੀ।

(5) ਕਮਿਸ਼ਨਰ ਜਾਂ ਨਾਮਤ ਅਧਿਕਾਰੀ, ਵਿਵਰਣੀਆਂ ਦਾ ਦਰੁਸਤ ਹੋਣਾ ਨਿਸ਼ਚਤ ਕਰਨ ਦੀ ਦ੍ਰਿਸ਼ਟੀ ਨਾਲ਼, ਕਿਸੇ ਵਿਅਕਤੀ ਦੁਆਰਾ ਜਮ੍ਹਾਂ ਕਰਵਾਈਆਂ ਗਈਆਂ ਕਿਸੇ ਵੀ ਵਿਵਰਣੀਆਂ, ਦਸਤਾਵੇਜ਼ਾਂ ਜਾਂ ਜਾਣਕਾਰੀ ਦਾ ਅਜਿਹੀਆਂ ਸ਼ਰਤਾਂ ਦੇ ਤਾਬੇ ਅਤੇ ਅਜਿਹੇ ਤਰੀਕੇ ਨਾਲ, ਜਿਵੇਂ ਮੁਕੱਰਰ ਕੀਤਾ ਜਾਵੇ, ਵਿਸ਼ੇਸ਼ ਨਿਰਧਾਰਣ ਕਰ ਸਕੇਗਾ ।

(6) ਉਪ-ਧਾਰਾ (5) ਦੇ ਅਧੀਨ ਵਿਸ਼ੇਸ਼ ਨਿਰਧਾਰਣ ਦੇ ਪ੍ਰਯੋਜਨ ਲਈ, ਕਮਿਸ਼ਨਰ ਜਾਂ ਕੋਈ ਨਾਮਤ ਅਧਿਕਾਰੀ, ਵਿਅਕਤੀ ਨੂੰ ਉਚਿਤ ਨੋਟਿਸ ਦੇਣ ਤੋਂ ਪਿੱਛੋਂ, ਵਿਅਕਤੀ ਦੇ ਰਿਕਾਰਡਾਂ ਅਤੇ ਸੰਬੰਧਤ ਦਸਤਾਵੇਜ਼ਾਂ ਦੀ ਪਰੀਖਿਆ ਕਰਨ ਲਈ ਅੱਗੇ ਵਧ ਸਕਦਾ ਹੈ।

(7) ਉਪ-ਧਾਰਾ (5) ਅਧੀਨ ਵਿਸ਼ੇਸ਼ ਨਿਰਧਾਰਣ, ਵਿਵਰਣੀ ਪੇਸ਼ ਕਰਨ ਦੀ ਤਰੀਕ ਤੋਂ ਛੇ ਸਾਲਾਂ ਦੀ ਮੁਦੱਤ ਦੇ ਅੰਦਰ ਕੀਤਾ ਜਾ ਸਕੇਗਾ।

ਕਰ ਦੀ ਅਦਾਇਗੀ ।

10. (1) ਇਸ ਐਕਟ ਦੇ ਅਧੀਨ ਅਦਾਇਗੀਯੋਗ ਕਰ ਮੁਕੱਰਰ ਤਰੀਕੇ ਨਾਲ਼ ਅਦਾ ਕੀਤਾ ਜਾਵੇਗਾ।

(2) ਕਰਮਚਾਰੀਆਂ ਤੋਂ ਕਰ ਕੱਟਣ ਲਈ ਭਾਗੀ ਨਿਯੋਜਕਾਂ ਵੱਲੋਂ ਦੇਣਯੋਗ ਕਰ ਦੀ ਰਕਮ ਹਰੇਕ ਮਹੀਨੇ ਮੁਕੱਰਰ ਸਮੇਂ ਦੇ ਅੰਦਰ ਅਤੇ ਮੁਕੱਰਰ ਤਰੀਕੇ ਨਾਲ਼ ਅਦਾ ਕੀਤੀ ਜਾਵੇਗੀ।

(3) ਦਰਜ਼ ਹੋਏ ਵਿਅਕਤੀਆਂ ਤੋਂ ਹਰ ਸਾਲ ਲਈ ਦੇਣਯੋਗ ਕਰ ਦੀ ਰਕਮ ਜਿਵੇਂ ਕਿ ਉਨ੍ਹਾਂ ਦੇ ਨਾਂ ਦਰਜ ਕਰਨ ਵਾਲੇ ਸਰਟੀਫਿਕੇਟ ਵਿੱਚ ਉਲਿਖਤ ਕੀਤੀ ਗਈ ਹੈ, ਨਾਂ ਦਰਜ ਕਰਨ ਦੇ ਮਹੀਨੇ ਦੇ ਅੰਤ ਤੋਂ ਇੱਕ ਮਹੀਨੇ ਦੇ ਅੰਦਰ ਅਦਾ ਕੀਤੀ ਜਾਵੇਗੀ।

(4) ਨਿਯੋਜਕ ਜਾਂ ਦਰਜ ਵਿਅਕਤੀਆਂ ਤੋਂ ਦੇਣਯੋਗ ਕਰ ਦੀ ਰਕਮ ਜਿਨ੍ਹਾਂ ਨੇ ਅਨੁਸੂਚੀ ਅਨੁਸਾਰ ਯਕਮੁਸ਼ਤ ਕਰ ਦੀ ਅਦਾਇਗੀ ਦੀ ਚੋਣ ਕੀਤੀ ਹੈ, ਉਸ ਸਾਲ ਦੇ ਅਪ੍ਰੈਲ ਦੇ 30ਵੇਂ ਦਿਨ ਤੱਕ ਅਦਾ ਕੀਤੀ ਜਾਵੇਗੀ।

ਕਰ ਕਟੌਤੀ ਕਰਨ ਜਾਂ ਅਦਾ ਕਰਨ ਵਿੱਚ ਅਸਫ਼ਲ ਰਹਿਣ ਦੇ ਨਤੀਜੇ ।

11. (1) ਜੇਕਰ ਕੋਈ ਨਿਯੋਜਕ ਤਨਖਾਹ ਜਾਂ ਉਜਰਤ ਦੀ ਅਦਾਇਗੀ ਦੇ ਸਮੇਂ ਕਰ ਦੀ ਕਟੌਤੀ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਜਾਂ ਕਟੌਤੀ ਕਰਨ ਤੋਂ ਪਿੱਛੋਂ ਜਿਵੇ ਇਸ ਐਕਟ ਦੁਆਰਾ ਜਾਂ ਅਧੀਨ ਲੋੜਿਆ ਜਾਵੇ, ਕਰ ਅਦਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਉਹ ਕਿਸੇ ਹੋਰ ਨਤੀਜਿਆਂ ਅਤੇ ਦੇਣਦਾਰੀਆਂ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਜੋ ਉਹ ਉਠਾ

ਸਕਦਾ ਹੈ, ਕਰ ਦੀ ਰਕਮ ਤੋਂ ਇਲਾਵਾ, ਉਸ ਮੁੱਦਤ ਲਈ ਜਿਸ ਦੌਰਾਨ ਕਰ ਅਣ-ਅਦਾ ਰਹਿੰਦਾ ਹੈ, ਹਰ ਮਹੀਨੇ ਜਾਂ ਉਸਦੇ ਭਾਗ ਲਈ ਦੇਣਯੋਗ ਕਰ ਦੀ ਰਕਮ ਦੇ ਦੋ ਪ੍ਰਤੀਸ਼ਤ ਦੀ ਦਰ 'ਤੇ ਸਾਧਾਰਨ ਵਿਆਜ ਅਦਾ ਕਰਨ ਲਈ ਭਾਗੀ ਹੋਵੇਗਾ।

(2) ਜੇਕਰ ਕੋਈ ਵਿਅਕਤੀ ਇਸ ਐਕਟ ਦੁਆਰਾ ਜਾਂ ਇਸ ਅਧੀਨ ਲੋੜੇ ਅਨੁਸਾਰ ਕਰ ਅਦਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਉਹ ਕਿਸੇ ਹੋਰ ਨਤੀਜਿਆਂ ਅਤੇ ਦੇਣਦਾਰੀਆਂ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਜੋ ਉਹ ਉਠਾ ਸਕਦਾ ਹੈ, ਕਰ ਦੀ ਰਕਮ ਤੋਂ ਇਲਾਵਾ, ਉਸ ਮੁੱਦਤ ਲਈ ਜਿਸ ਦੌਰਾਨ ਕਰ ਅਣ-ਅਦਾ ਰਹਿੰਦਾ ਹੈ, ਹਰ ਮਹੀਨੇ ਜਾਂ ਉਸ ਦੇ ਭਾਗ ਲਈ ਦੇਣਯੋਗ ਕਰ ਦੀ ਰਕਮ ਦੇ ਦੋ ਪ੍ਰਤੀਸ਼ਤ ਦੀ ਦਰ ਨਾਲ ਸਾਧਾਰਨ ਵਿਆਜ ਅਦਾ ਕਰਨ ਲਈ ਭਾਗੀ ਹੋਵੇਗਾ।

ਕਰ ਦੇਣਦਾਰੀਆਂ ਦੇ ਨਿਪਟਾਰੇ ਵਿੱਚ ਕਿਸੇ ਅੰਤਰ ਹੋਣ ਦੀ ਸੂਰਤ ਵਿੱਚ ਅਣ ਅਦਾ ਕੀਤੇ ਕਰ, ਵਿਆਜ ਅਤੇ ਡੰਨ ਨੂੰ ਮਾਫ਼ ਕਰਨ ਦੀ ਸ਼ਕਤੀ ।

11-ੳ. ਇਸ ਐਕਟ ਦੇ ਕਿਸੇ ਉਪਬੰਧ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜ ਸਰਕਾਰ ਦੀ, ਜੇ ਤਸੱਲੀ ਹੋ ਜਾਂਦੀ ਹੈ ਕਿ ਜਨਤਕ ਹਿੱਤ ਵਿਚ ਅਜਿਹਾ ਕਰਨਾ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਹੈ, ਤਾਂ ਵਧੇਰੇ ਪਾਰਦਸ਼ਤਾ ਲਈ, ਪਾਲਣਾ ਨੂੰ ਯਕੀਨੀ ਬਣਾਉਣ ਲਈ, ਅਣ ਅਦਾ ਕੀਤੇ ਕਰ, ਵਿਆਜ ਅਤੇ/ਜਾਂ ਡੰਨ ਦੇ ਨਿਪਟਾਰੇ ਲਈ ਕੋਈ ਸਕੀਮ ਅਧਿਸੂਚਤ ਕਰ ਸਕੇਗੀ।

ਮੌਤ ਦੀ ਸੂਰਤ ਵਿੱਚ ਕਰ ਅਦਾ ਕਰਨ ਲਈ ਦੇਣਦਾਰੀ ।

11-ਅ. ਜਿੱਥੇ, ਇਸ ਐਕਟ ਅਧੀਨ ਕਰ ਅਦਾ ਕਰਨ ਲਈ ਭਾਗੀ ਇਕ ਵਿਅਕਤੀ ਮਰ ਜਾਂਦਾ ਹੈ ਤਦ,-

(ੳ) ਜੇਕਰ ਉਸ ਵਿਅਕਤੀ ਦੁਆਰਾ ਕੀਤਾ ਜਾ ਰਿਹਾ ਕਾਰੋਬਾਰ ਉਸਦੀ ਮੌਤ ਤੋਂ ਪਿੱਛੋਂ ਉਸਦੇ ਕਾਨੂੰਨੀ ਪ੍ਰਤੀਨਿਧ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਜਾਰੀ ਰੱਖਿਆ ਜਾਂਦਾ ਹੈ, ਤਾਂ ਅਜਿਹਾ ਕਾਨੂੰਨੀ ਪ੍ਰਤੀਨਿਧ ਜਾਂ ਹੋਰ ਵਿਅਕਤੀ ਇਸ ਐਕਟ ਅਧੀਨ ਅਜਿਹੇ ਵਿਅਕਤੀ ਤੋਂ ਦੇਣਯੋਗ ਕਰ ਜਿਸ ਵਿੱਚ ਕੋਈ ਡੰਨ, ਜਬਤ ਕੀਤੀ ਰਕਮ ਅਤੇ ਵਿਆਜ ਸ਼ਾਮਲ ਹੈ, ਉਸੇ ਤਰੀਕੇ ਨਾਲ ਅਤੇ ਉਸੇ ਹੱਦ ਤੱਕ ਅਦਾ ਕਰਨ ਲਈ ਭਾਗੀ ਹੋਵੇਗਾ ਜਿਵੇਂ ਮ੍ਰਿਤਕ ਵਿਅਕਤੀ ਨੇ ਭਾਗੀ ਹੋਣਾ ਸੀ; ਅਤੇ

(ਅ) ਜੇਕਰ ਉਸ ਵਿਅਕਤੀ ਦੁਆਰਾ ਕੀਤਾ ਜਾ ਰਿਹਾ ਕਾਰੋਬਾਰ, ਭਾਵੇਂ ਉਸਦੀ ਮੌਤ ਤੋਂ ਪਹਿਲਾਂ ਜਾਂ ਪਿੱਛੋਂ, ਬੰਦ ਕਰ ਦਿੱਤਾ ਜਾਂਦਾ ਹੈ, ਤਾਂ ਉਸਦਾ ਕਾਨੂੰਨੀ ਪ੍ਰਤੀਨਿਧ ਮ੍ਰਿਤਕ ਦੀ ਸੰਪਦਾ ਵਿੱਚੋਂ, ਇਸ ਐਕਟ ਅਧੀਨ ਅਜਿਹੇ ਵਿਅਕਤੀ ਤੋਂ ਦੇਣਯੋਗ ਕਰ ਜਿਸ ਵਿੱਚ ਕੋਈ ਡੰਨ, ਜ਼ਬਤ ਕੀਤੀ ਰਕਮ ਅਤੇ ਵਿਆਜ਼

ਸ਼ਾਮਲ ਹੈ, ਭਾਵੇਂ ਅਜਿਹਾ ਕਰ ਜਿਸ ਵਿੱਚ ਕੋਈ ਡੰਨ, ਜਬਤ ਕੀਤੀ ਗਈ ਰਕਮ ਅਤੇ ਵਿਆਜ ਸ਼ਾਮਲ ਹੈ, ਉਸਦੀ ਮੌਤ ਤੋਂ ਪਹਿਲਾਂ ਨਿਰਧਾਰਣ ਕੀਤਾ ਗਿਆ ਹੋਵੇ, ਪਰ ਅਣ-ਅਦਾ ਰਹਿ ਗਿਆ ਹੋਵੇ, ਜਾਂ ਉਸਦੀ ਮੌਤ ਤੋਂ ਪਿੱਛੋਂ ਨਿਰਧਾਰਤ ਕੀਤਾ ਗਿਆ ਹੋਵੇ, ਉਸੇ ਤਰੀਕੇ ਨਾਲ ਅਤੇ ਉਸੇ ਹੱਦ ਤੱਕ ਅਦਾ ਕਰਨ ਲਈ ਭਾਗੀ ਹੋਵੇਗਾ ਜਿਵੇਂ ਮ੍ਰਿਤਕ ਵਿਅਕਤੀ ਨੇ ਭਾਗੀ ਹੋਣਾ ਸੀ ਜੇ ਉਹ ਮਰ ਨਾ ਗਿਆ ਹੁੰਦਾ।

(2) ਜਿੱਥੇ ਇਸ ਐਕਟ ਅਧੀਨ ਕਰ ਅਦਾ ਕਰਨ ਲਈ ਭਾਗੀ ਕੋਈ ਵਿਅਕਤੀ, ਇੱਕ ਹਿੰਦੂ ਅਣਵੰਡਿਆਂ ਪਰਿਵਾਰ ਹੈ ਅਤੇ ਸੰਯੁਕਤ ਪਰਿਵਾਰਕ ਸੰਪਤੀ ਭਿੰਨ-ਭਿੰਨ ਮੈਂਬਰਾਂ ਜਾਂ ਮੈਂਬਰਾਂ ਦੇ ਸਮੂਹ ਵਿਚਕਾਰ ਹਿੱਸਿਆ ਵਿੱਚ ਵੰਡੀ ਗਈ ਹੈ, ਤਾਂ ਹਰੇਕ ਮੈਂਬਰ ਜਾਂ ਮੈਂਬਰਾਂ ਦਾ ਸਮੂਹ ਇਸ ਐਕਟ ਦੇ ਅਧੀਨ ਉਸ ਵਿਅਕਤੀ ਤੋਂ ਦੇਣਯੋਗ ਕਰ, ਜਿਸ ਵਿੱਚ ਕੋਈ ਡੰਨ, ਜਬਤ ਕੀਤੀ ਗਈ ਰਕਮ ਅਤੇ ਵਿਆਜ ਸ਼ਾਮਲ ਹੈ, ਵੰਡ ਦੇ ਸਮੇਂ-ਅੰਤ ਤੱਕ ਅਦਾ ਕਰਨ ਲਈ ਭਾਗੀ ਹੋਵੇਗਾ, ਭਾਵੇਂ ਅਜਿਹਾ ਕਰ ਜਿਸ ਵਿੱਚ ਕੋਈ ਡੰਨ, ਜ਼ਬਤ ਕੀਤੀ ਰਕਮ ਅਤੇ ਵਿਆਜ਼ ਸ਼ਾਮਲ ਹੈ, ਵੰਡ ਤੋਂ ਪਹਿਲਾਂ ਨਿਰਧਾਰਤ ਕੀਤਾ ਗਿਆ ਹੋਵੇ ਜਾਂ ਵੰਡ ਤੋਂ ਪਿੱਛੋਂ ਨਿਰਧਾਰਤ ਕੀਤਾ ਗਿਆ ਹੋਵੇ।

(3) ਜਿੱਥੇ ਇਸ ਐਕਟ ਅਧੀਨ ਅਦਾ ਕਰਨ ਲਈ ਭਾਗੀ ਵਿਅਕਤੀ ਇੱਕ ਫਰਮ ਹੈ, ਅਤੇ ਫਰਮ ਭੰਗ ਕਰ ਦਿੱਤੀ ਜਾਂਦੀ ਹੈ, ਤਾਂ ਹਰੇਕ ਵਿਅਕਤੀ ਜੋਂ ਭਾਈਵਾਲ ਸੀ, ਇਸ ਐਕਟ ਅਧੀਨ ਕਰ ਅਦਾ ਕਰਨ ਦੀ ਦੇਣਦਾਰੀ, ਭੰਗ ਹੋਣ ਦੇ ਸਮੇਂ-ਅੰਤ ਤੱਕ, ਸੰਯੁਕਤ ਤੌਰ ਤੇ ਜਾਂ ਅਲੱਗ-ਅਲੱਗ ਤੌਰ ਤੇ ਉਸ ਹੱਦ ਤੱਕ ਅਦਾ ਕਰਨ ਲਈ ਭਾਗੀ ਹੋਵੇਗਾ ਜਿਸ ਹੱਦ ਤੱਕ ਉਹ ਇਸ ਧਾਰਾ ਅਧੀਨ ਭਾਗੀ ਹੈ, ਭਾਵੇਂ ਅਜਿਹਾ ਕਰ ਜਿਸ ਵਿੱਚ ਕੋਈ ਡੰਨ, ਜ਼ਬਤ ਕੀਤੀ ਰਕਮ ਅਤੇ ਵਿਆਜ ਸ਼ਾਮਲ ਹੈ, ਅਜਿਹੇ ਭੰਗ ਤੋਂ ਪਹਿਲਾਂ ਨਿਰਧਾਰਤ ਕੀਤਾ ਗਿਆ ਹੋਵੇ, ਪਰ ਅਣ-ਅਦਾ ਰਹਿ ਗਿਆ ਹੋਵੇ ਜਾਂ ਭੰਗ ਤੋਂ ਪਿੱਛੋਂ ਨਿਰਧਾਰਤ ਕੀਤਾ ਗਿਆ ਹੋਵੇ।

(4) ਜਿੱਥੇ ਇਸ ਐਕਟ ਅਧੀਨ ਕਰ ਅਦਾ ਕਰਨ ਲਈ ਭਾਗੀ ਕੋਈ ਵਿਅਕਤੀ, ਆਪਣੇ ਕਾਰੋਬਾਰ ਨੂੰ ਪੂਰਨ ਜਾਂ ਅੰਸ਼ਕ ਰੂਪ ਵਿੱਚ ਇੰਤਕਾਲ ਕਰਦਾ ਹੈ ਜਾਂ ਹੋਰ ਤਰ੍ਹਾਂ ਨਿਪਟਾਰਾ ਕਰਦਾ ਹੈ, ਜਾਂ ਇਸਦੀ ਮਾਲਕੀ ਵਿੱਚ ਕੋਈ ਤਬਦੀਲੀ ਲਿਆਉਂਦਾ ਹੈ ਜਿਸਦੇ ਨਤੀਜੇ ਵੱਜੋਂ ਕਾਰੋਬਾਰ ਜਾਂ ਉਸਦੇ ਭਾਗ ਵਿੱਚ ਕੋਈ ਹੋਰ ਵਿਅਕਤੀ ਉਸ ਦਾ ਉਤਰ-ਅਧਿਕਾਰੀ ਬਣਦਾ ਹੈ, ਤਾਂ ਦੋਵੇਂ ਵਿਅਕਤੀ, ਅਜਿਹੇ ਇੰਤਕਾਲ, ਨਿਪਟਾਰੇ ਜਾਂ ਤਬਦੀਲੀ ਦੇ ਸਮੇਂ-ਅੰਤ ਤੱਕ, ਇਸ ਐਕਟ ਅਧੀਨ ਵਿਅਕਤੀ ਤੋਂ ਦੇਣਯੋਗ ਕੋਈ ਡੰਨ, ਜ਼ਬਤ ਕੀਤੀ ਰਕਮ ਅਤੇ ਵਿਆਜ਼ ਸਮੇਤ, ਕਰ ਅਦਾ ਕਰਨ ਲਈ ਸੰਯੁਕਤ ਤੌਰ ਤੇ ਅਤੇ ਅਲੱਗ-ਅਲੱਗ ਤੌਰ ਤੇ ਭਾਗੀ ਹੋਣਗੇ, ਭਾਵੇਂ ਅਜਿਹਾ ਕਰ ਜਿਸ ਵਿੱਚ ਕੋਈ ਡੰਨ, ਜ਼ਬਤ ਕੀਤੀ ਰਕਮ ਅਤੇ ਵਿਆਜ਼ ਸ਼ਾਮਲ

ਹੈ, ਅਜਿਹੇ ਇੰਤਕਾਲ, ਨਿਪਟਾਰੇ ਜਾਂ ਤਬਦੀਲੀ ਤੋਂ ਪਹਿਲਾਂ ਨਿਰਧਾਰਤ ਕੀਤਾ ਗਿਆ ਹੋਵੇ, ਪਰ ਅਣ-ਅਦਾ ਰਹਿ ਗਿਆ ਹੋਵੇ ਜਾਂ ਉਸ ਪਿੱਛੋਂ ਨਿਰਧਾਰਤ ਕੀਤਾ ਗਿਆ ਹੋਵੇ।

(5) ਜਿੱਥੇ ਇਸ ਐਕਟ ਅਧੀਨ ਕਰ ਅਦਾ ਕਰਨ ਲਈ ਭਾਗੀ ਵਿਅਕਤੀ,-

(ੳ) ਪ੍ਰਤਿਪਾਲਤ ਦਾ ਸਰਪ੍ਰਸਤ ਹੈ ਜਿਸ ਦੇ ਨਮਿੱਤ ਸਰਪ੍ਰਸਤ ਦੁਆਰਾ ਕਾਰੋਬਾਰ ਚਲਾਇਆ ਜਾਂਦਾ ਹੈ; ਜਾਂ

(ਅ) ਟ੍ਰਸਟੀ ਹੈ, ਜੋ ਲਾਭਪਾਤਰੀ ਲਈ ਟ੍ਰਸਟ ਦੇ ਅਧੀਨ ਕਾਰੋਬਾਰ ਚਲਾਉਂਦਾ ਹੈ,

ਤਦ,- ਜੇ ਸਰਪ੍ਰਸਤੀ ਜਾਂ ਟ੍ਰਸਟ ਸਮਾਪਤ ਹੋ ਜਾਂਦਾ ਹੈ, ਤਾਂ ਪ੍ਰਤਿਪਾਲਤ ਜਾਂ, ਜਿਹੀ ਕਿ ਸੂਰਤ ਹੋਵੇ, ਲਾਭਪਾਤਰੀ, ਸਰਪ੍ਰਸਤੀ ਜਾਂ ਟ੍ਰਸਟ ਦੀ ਸਮਾਪਤੀ ਦੇ ਸਮੇਂ-ਅੰਤ ਤੱਕ, ਕਰ ਅਦਾ ਕਰਨ ਲਈ ਭਾਗੀ ਹੋਵੇਗਾ ਜਿਸ ਵਿੱਚ ਉਸ ਵਿਅਕਤੀ ਤੋਂ ਦੇਣਯੋਗ ਕੋਈ ਡੰਨ, ਜ਼ਬਤ ਕੀਤੀ ਰਕਮ ਅਤੇ ਵਿਆਜ਼ ਸ਼ਾਮਲ ਹੈ, ਭਾਵੇਂ ਅਜਿਹਾ ਕਰ ਜਿਸ ਵਿੱਚ ਕੋਈ ਡੰਨ, ਜ਼ਬਤ ਕੀਤੀ ਰਕਮ ਅਤੇ ਵਿਆਜ਼ ਸ਼ਾਮਲ ਹੈ, ਸਰਪ੍ਰਸਤੀ ਜਾਂ ਟ੍ਰੱਸਟ ਦੀ ਸਮਾਪਤੀ ਤੋਂ ਪਹਿਲਾਂ ਨਿਰਧਾਰਤ ਕੀਤਾ ਗਿਆ ਹੋਵੇ, ਪਰ ਅਣ-ਅਦਾ ਰਹਿ ਗਿਆ ਹੋਵੇ ਜਾਂ ਉਸ ਪਿੱਛੋਂ ਨਿਰਧਾਰਤ ਕੀਤਾ ਗਿਆ ਹੋਵੇ।

(6) ਜਿੱਥੇ ਕੋਈ ਵਿਅਕਤੀ ਇਸ ਐਕਟ ਅਧੀਨ ਕਰ ਅਦਾ ਕਰਨ ਲਈ ਭਾਗੀ ਹੈ, ਉਪ-ਧਾਰਾ (1) ਦੇ ਖੰਡ (ੳ) ਜਾਂ ਉਪ-ਧਾਰਾ (4) ਵਿੱਚ ਦੱਸੇ ਗਏ ਤਰੀਕੇ ਨਾਲ ਕੋਈ ਵਿਅਕਤੀ ਦੁਆਰਾ ਕਾਰੋਬਾਰ ਵਿੱਚ ਉਸਦਾ ਉਤਰ-ਅਧਿਕਾਰੀ ਬਣਦਾ ਹੈ, ਤਦ ਅਜਿਹਾ ਵਿਅਕਤੀ ਅਜਿਹੇ ਉਤਰ-ਅਧਿਕਾਰ ਦੀ ਤਰੀਕ ਨੂੰ ਅਤੇ ਪਿੱਛੋਂ ਉਸ ਦੁਆਰਾ ਕੀਤੀ ਗਈ ਆਮਦਨ ਤੇ ਕਰ ਅਦਾ ਕਰਨ ਲਈ ਭਾਗੀ ਹੋਵੇਗਾ ਅਤੇ, ਜਦੋਂ ਤੱਕ ਉਸ ਕੋਲ ਪਹਿਲਾਂ ਹੀ ਰਜਿਸਟਰੀਕਰਨ ਨ ਹੋਵੇ, ਅਜਿਹੇ ਉਤਰ-ਅਧਿਕਾਰ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁਦੱਤ ਦੇ ਅੰਦਰ ਰਜਿਸਟਰੀਕਰਨ ਲਈ ਅਰਜ਼ੀ ਦੇਵੇਗਾ।

ਕੰਪਨੀਆਂ ਦੇ ਸੰਮਿਲਣ ਦੀ ਸੂਰਤ ਵਿੱਚ ਦੇਣਦਾਰੀ ।

11-ੲ. (1) ਜਦੋਂ ਦੋ ਜਾਂ ਵੱਧ ਕੰਪਨੀਆਂ ਕਿਸੇ ਅਦਾਲਤ ਜਾਂ ਕੇਂਦਰੀ ਸਰਕਾਰ ਦੇ ਸੰਮਿਲਣ ਹੁਕਮ ਦੁਆਰਾ ਸੰਮਿਲਤ ਕੀਤੀਆਂ ਜਾਣੀਆਂ ਹੋਣ ਅਤੇ ਇਹ ਹੁਕਮ, ਹੁਕਮ ਤੋਂ ਪਹਿਲਾਂ ਦੀ ਤਰੀਕ ਤੋਂ ਪ੍ਰਭਾਵੀ ਹੋਣਾ ਹੈ, ਤਾਂ ਉਕਤ ਦੋਂ ਜਾਂ ਵੱਧ ਕੰਪਨੀਆਂ ਨੂੰ ਨਿਖੜਵੀਆਂ ਕੰਪਨੀਆਂ ਮੰਨਿਆ ਜਾਵੇਗਾ ਅਤੇ ਉਕਤ ਹੁਕਮ ਤੇ ਅੰਤ-ਤੱਕ ਦੀ ਤਰੀਕ ਤੱਕ ਦੀਆਂ ਸਾਰੀਆਂ ਮੁਦੱਤਾਂ ਲਈ ਇਸ ਤਰ੍ਹਾਂ ਮੰਨਿਆ ਜਾਵੇਗਾ ਅਤੇ ਇਸ ਐਕਟ ਅਧੀਨ ਉਕਤ ਕੰਪਨੀਆ ਦਾ ਰਜਿਸਟਰੀਕਰਨ ਉਕਤ ਹੁਕਮ ਦੀ ਤਰੀਕ ਤੋਂ ਮਨਸੂਖ ਕਰ ਦਿੱਤਾ ਜਾਵੇਗਾ। ਸਮਿੰਲਣ ਤੋਂ ਪਿੱਛੋਂ ਅਜਿਹੇ ਮਾਮਲੇ ਵਿੱਚ ਕਰ ਅਦਾ ਕਰਨ ਦੀ ਦੇਣਦਾਰੀ ਨਵੀਂ ਇਕਾਈ ਦੀ ਹੋਵੇਗੀ।

(2) ਇਸ ਧਾਰਾ ਵਿੱਚ ਵਰਤੇ ਗਏ ਪਰ ਪਰਿਭਾਸ਼ਤ ਨਹੀਂ ਕੀਤੇ ਗਏ ਸ਼ਬਦਾਂ ਅਤੇ ਪਦਾਂ ਦੇ ਆਪੋ-ਆਪਣੇ ਮਤਲੱਬ ਹੋਣਗੇ ਜੋ ਉਨ੍ਹਾਂ ਨੂੰ ਕੰਪਨੀ ਐਕਟ, 2013 (2013 ਦਾ ਕੇਂਦਰੀ ਐਕਟ ਨੰ:18) ਵਿੱਚ ਦਿੱਤੇ ਗਏ ਹਨ।

11-ਸ. (1) ਹਰੇਕ ਵਿਅਕਤੀ,- ਸਮਾਪਣ ਦੀ ਸੂਰਤ ਵਿੱਚ ਦੇਣਦਾਰੀ।

(ੳ) ਜੋ ਕਿਸੇ ਕੰਪਨੀ, ਫਰਮ ਜਾਂ ਸੋਸਾਇਟੀ ਦਾ ਸਮਾਪਕ ਹੈ, ਜਿਸ ਨੂੰ ਅਦਾਲਤ ਦੇ ਹੁਕਮਾਂ ਅਧੀਨ ਜਾਂ ਹੋਰ ਤਰ੍ਹਾਂ ਸਮਾਪਤ ਕੀਤਾ ਜਾ ਰਿਹਾ ਹੋਵੇ, ਜਾਂ

(ਅ) ਜਿਸ ਨੂੰ ਕਿਸੇ ਕੰਪਨੀ ਦੀ ਕਿਸੇ ਸੰਪਦਾ ਦਾ ਪ੍ਰਾਪਕ ਵਜੋਂ ਨਿਯੁਕਤ ਕੀਤਾ ਗਿਆ ਹੈ (ਇਸ ਤੋਂ ਬਾਅਦ "ਸਮਾਪਕ" ਵਜੋਂ ਹਵਾਲਾ ਦਿੱਤਾ ਜਾਂਦਾ ਹੈ),

ਅਜਿਹਾ ਪ੍ਰਾਪਕ ਬਣਨ ਤੋਂ ਪਿੱਛੋਂ ਤੀਹ ਦਿਨਾਂ ਦੇ ਅੰਦਰ, ਕਮਿਸ਼ਨਰ ਜਾਂ ਨਾਮਤ ਅਧਿਕਾਰੀ ਨੂੰ ਆਪਣੀ ਉਸ ਹੈਸੀਅਤ ਵਿੱਚ ਨਿਯੁਕਤੀ ਦਾ ਨੋਟਿਸ ਦੇਵੇਗਾ।

(2) ਕਮਿਸ਼ਨਰ ਜਾਂ ਨਾਮਤ ਅਧਿਕਾਰੀ, ਅਜਿਹੀਆਂ ਛਾਣ-ਬੀਣਾਂ ਕਰਨ ਜਾਂ ਅਜਿਹੀ ਸੂਚਨਾ ਮੰਗਣ ਤੋਂ ਬਾਅਦ, ਜਿਵੇਂ ਉਹ ਉਚਿਤ ਸਮਝੇ, ਸਮਾਪਕ ਦੀ ਨਿਯੁਕਤੀ ਦਾ ਨੋਟਿਸ ਮਿਲਣ ਦੀ ਤਰੀਕ ਤੋਂ ਤਿੰਨ ਮਹੀਨਿਆਂ ਦੇ ਅੰਦਰ, ਸਮਾਪਕ ਨੂੰ ਉਸ ਰਕਮ ਬਾਰੇ ਅਧਿਸੂਚਿਤ ਕਰੇਗਾ ਜੋ ਕਮਿਸ਼ਨਰ ਜਾਂ ਨਾਮਤ ਅਧਿਕਾਰੀ ਦੀ ਰਾਏ ਵਿੱਚੋਂ ਕਿਸੇ ਕਰ, ਵਿਆਜ ਜਾਂ ਡੰਨ ਲਈ ਉਪਬੰਧ ਕਰਨ ਲਈ ਕਾਫ਼ੀ ਹੋਵੇਗੀ, ਜੋ ਉਸ ਸਮੇਂ, ਜਾਂ ਉਸ ਤੋ ਬਾਅਦ, ਕੰਪਨੀ ਦੁਆਰਾ ਅਦਾਇਗੀਯੋਗ ਹੋਣੀ ਸੰਭਾਵੀ ਹੈ।

(3) ਕੰਪਨੀ ਐਕਟ, 2013 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਦੋਂ ਕਿਸੇ ਪ੍ਰਾਈਵੇਟ ਕੰਪਨੀ ਨੂੰ ਸਮਾਪਤ ਕੀਤਾ ਜਾਂਦਾ ਹੈ ਅਤੇ ਇਸ ਐਕਟ ਅਧੀਨ ਕੰਪਨੀ ਤੇ ਕਿਸੇ ਮੁਦੱਤ ਲਈ, ਨਿਰਧਾਰਤ ਕੀਤਾ ਗਿਆ ਕੋਈ ਵੀ ਕਰ, ਵਿਆਜ਼ ਜਾਂ ਡੰਨ ਭਾਵੇਂ ਉਹ ਉਸ ਦੇ ਸਮਾਪਣ ਤੋਂ ਪਹਿਲਾਂ ਜਾਂ ਦੌਰਾਨ ਜਾਂ ਪਿੱਛੋਂ ਦਾ ਹੋਵੇ, ਵਸੂਲ ਨਹੀਂ ਕੀਤਾ ਜਾ ਸਕਦਾ, ਤਦ ਹਰੇਕ ਉਹ ਵਿਅਕਤੀ, ਜੋ ਉਸ ਮੁਦੱਤ ਦੌਰਾਨ ਕਿਸੇ ਵੀ ਸਮੇਂ ਪ੍ਰਾਈਵੇਟ ਕੰਪਨੀ ਦਾ ਡਾਇਰੈਕਟਰ ਸੀ, ਜਿਸ ਮੁੱਦਤ ਲਈ ਕਰ ਦੇਣਯੋਗ ਹੈ, ਅਜਿਹੇ ਕਰ, ਵਿਆਜ ਜਾਂ ਡੰਨ ਦੀ ਅਦਾਇਗੀ ਲਈ ਸੰਯੁਕਤ ਤੌਰ ਤੇ ਜਾਂ ਅਲੱਗ-ਅਲੱਗ ਤੌਰ ਤੇ ਭਾਗੀ ਹੋਵੇਗਾ, ਜਦੋਂ ਤੱਕ ਅਜਿਹਾ ਵਿਅਕਤੀ ਕਮਿਸ਼ਨਰ ਜਾਂ ਨਾਮਤ ਅਧਿਕਾਰੀ ਦੀ ਤਸੱਲੀ ਮੁਤਾਬਕ ਸਾਬਤ ਨਹੀਂ ਕਰ ਦਿੰਦਾ ਕਿ ਗੈਰ-ਵਸੂਲੀ ਨੂੰ ਕੰਪਨੀ ਦੇ ਕਾਰ-ਵਿਹਾਰਾਂ ਦੇ ਸੰਬੰਧ ਵਿੱਚ ਉਸਦੀ ਕਿਸੇ ਘੋਰ ਅਣਗਹਿਲੀ, ਕਾਨੂੰਨੀ ਅਵੱਗਿਆ ਜਾਂ ਕਰਤੱਵ ਦੀ ਉਲੰਘਣਾ ਦੇ ਕਾਰਨ ਨਹੀਂ ਮੰਨਿਆ ਜਾ ਸਕਦਾ।

ਵਿਆਖਿਆ: ਇਸ ਧਾਰਾ ਦੇ ਪ੍ਰਯੋਜਨ ਲਈ, ਪਦ 'ਪ੍ਰਾਈਵੇਟ ਕੰਪਨੀ' ਦਾ ਉਹੀ ਮਤਲਬ ਹੋਵੇਗਾ ਜੋ ਕੰਪਨੀ ਐਕਟ, 2013 (2013 ਦਾ ਕੇਂਦਰੀ ਐਕਟ ਨੰ:18) ਦੀ ਧਾਰਾ 2 ਅਧੀਨ ਇਸਨੂੰ ਦਿੱਤਾ ਗਿਆ ਹੈ।

ਭੋਂ ਮਾਲੀਏ ਦੇ ਬਕਾਏ ਵਜੋਂ ਕਰ, ਵਿਆਜ ਅਤੇ ਡੰਨ ਦੀ ਵਸੂਲੀ ।

12. (1) ਇਸ ਐਕਟ ਅਧੀਨ ਕਿਸੇ ਵਿਅਕਤੀ ਤੋਂ ਦੇਣਯੋਗ ਕਰ, ਡੰਨ ਅਤੇ ਵਿਆਜ ਦੇ ਸਾਰੇ ਬਕਾਏ ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲੀਯੋਗ ਹੋਣਗੇ।

(2) ਇਸ ਐਕਟ ਦੇ ਉਪਬੰਧਾਂ ਦੁਆਰਾ ਜਾਂ ਅਧੀਨ ਕਿਸੇ ਵਿਅਕਤੀ ਤੋਂ ਦੇਣਯੋਗ ਕਰ, ਡੰਨ ਅਤੇ ਵਿਆਜ ਦੀ ਰਕਮ ਨੂੰ, ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲੀ ਕਰਨ ਦੇ ਪ੍ਰੋਯਜਨ ਲਈ, ਪੰਜਾਬ ਮੁੱਲ ਵਾਧਾ ਕਰ ਐਕਟ, 2005 ਦੇ ਵਸੂਲੀ ਨਾਲ ਸੰਬੰਧਤ ਉਪਬੰਧ ਲੋੜੀਂਦੀ ਅਦਲਾ ਬਦਲੀ ਸਹਿਤ ਇਸ ਐਕਟ 'ਤੇ ਲਾਗੂ ਹੋਣਗੇ।

ਅਪੀਲ ।

13. (1) ਅਜਿਹੇ ਨਿਯਮਾਂ ਦੇ ਤਾਬੇ ਜੋ ਬਣਾਏ ਜਾਣ, ਇਸ ਐਕਟ ਅਧੀਨ ਕੀਤੇ ਗਏ ਕਿਸੇ ਹੁਕਮ ਤੋਂ ਦੁਖਿਤ ਕੋਈ ਵਿਅਕਤੀ ਜਾਂ ਨਿਯੋਜਕ, ਇਸ ਐਕਟ ਅਧੀਨ ਨਿਯੁਕਤ ਅਪੀਲੀ ਅਥਾਰਟੀ ਕੋਲ ਅਜਿਹੇ ਹੁਕਮ ਵਿਰੁੱਧ ਅਪੀਲ ਕਰ ਸਕੇਗਾ।

(2) ਅਪੀਲੀ ਅਥਾਰਟੀ ਦੁਆਰਾ ਪਾਸ ਕੀਤੇ ਗਏ ਹੁਕਮ ਟ੍ਰਿਬਿਊਨਲ ਕੋਲ ਅੱਗੇ ਹੋਰ ਅਪੀਲਯੋਗ ਹੋਣਗੇ।

(3) ਹੁਕਮ ਪ੍ਰਾਪਤ ਹੋਣ ਦੀ ਤਰੀਕ ਤੋਂ ਸੱਠ ਦਿਨਾਂ ਦੀ ਮੁਦੱਤ ਦੇ ਗੁਜ਼ਰਣ ਤੋਂ ਪਿੱਛੋਂ ਕੋਈ ਅਪੀਲ ਗ੍ਰਹਿਣ ਨਹੀਂ ਕੀਤੀ ਜਾਵੇਗੀ:

ਪਰੰਤੂ ਅਪੀਲੀ ਅਥਾਰਟੀ ਜਾਂ ਟ੍ਰਿਬਿਊਨਲ, ਜਿਹੀ ਕਿ ਸੂਰਤ ਹੋਵੇ, ਨਿਆਂ ਦੇ ਹਿੱਤ ਵਿੱਚ, ਕਲਮਬੰਦ ਕੀਤੇ ਜਾਣ ਵਾਲੇ ਕਾਰਨਾਂ ਕਰਕੇ, ਉਨ੍ਹਾਂ ਮਾਮਲਿਆਂ ਵਿੱਚ ਦੇਰੀ ਨੂੰ ਖਿਮਾਂ ਕਰ ਸਕੇਗਾ ਜਿੱਥੇ ਅਪੀਲ ਅਨੁਬੰਧਤ ਸਮੇਂ ਦੇ ਅੰਦਰ ਦਾਇਰ ਨਹੀਂ ਕੀਤੀ ਜਾਂਦੀ।

(4) ਕੋਈ ਵੀ ਅਪੀਲ ਉਦੋਂ ਤੱਕ ਗ੍ਰਹਿਣ ਨਹੀਂ ਕੀਤੀ ਜਾਵੇਗੀ, ਜਦੋਂ ਤੱਕ ਅਜਿਹੀ ਅਪੀਲ ਦੇ ਨਾਲ ਕਰ, ਡੰਨ ਅਤੇ ਵਿਆਜ, ਜੇ ਕੋਈ ਹੋਵੇ, ਦੀ ਕੁੱਲ ਰਕਮ ਦੇ ਘੱਟੋ-ਘੱਟ ਪੰਜਾਹ ਪ੍ਰਤੀਸ਼ਤ ਦੀ ਅਗੇਤਰੀ ਅਦਾਇਗੀ ਦਾ ਤਸੱਲੀਬਖਸ਼ ਸਬੂਤ ਨਾਲ਼ ਨਾ ਦਿੱਤਾ ਹੋਵੇ।

(5) ਅਪੀਲੀ ਅਥਾਰਟੀ ਅਪੀਲ ਦਾ ਨਿਪਟਾਰਾ ਕਰਦੇ ਸਮੇਂ, ਨਿਰਧਾਰਣ ਡੰਨ ਜਾਂ ਵਿਆਜ ਨੂੰ ਪੱਕਾ, ਰੱਦ, ਘਟਾ, ਵਧਾ, ਜਾਂ ਹੋਰ ਤਰ੍ਹਾਂ ਰੂਪਭੇਦ ਕਰ ਸਕੇਗੀ। ਉਹ ਅਜਿਹਾ ਕੋਈ ਹੁਕਮ ਪਾਸ ਕਰਨ ਤੋਂ ਪਹਿਲਾਂ ਅਜਿਹੀ ਹੋਰ ਜਾਂਚ ਕਰ ਸਕੇਗੀ ਜੋ ਉਹ ਢੁਕਵੀਂ ਸਮਝੇ।

(6) ਇਸ ਧਾਰਾ ਅਧੀਨ ਕੋਈ ਵੀ ਹੁਕਮ ਅਪੀਲਕਰਤਾ ਜਾਂ ਉਸਦੇ ਪ੍ਰਤੀਨਿਧ ਨੂੰ ਸੁਣਵਾਈ ਦਾ ਵਾਜਬ ਮੌਕਾ ਦਿੱਤੇ ਬਿਨਾਂ ਪਾਸ ਨਹੀਂ ਕੀਤਾ ਜਾਵੇਗਾ।

ਸੁਧਾਈ ।

14. (1) ਕਮਿਸ਼ਨਰ ਜਾਂ ਧਾਰਾ 3 ਅਧੀਨ ਨਿਯੁਕਤ ਕੀਤਾ ਅਧਿਕਾਰੀ, ਆਪਣੇ ਖੁਦ ਦੇ ਪ੍ਰਸਤਾਵ 'ਤੇ, ਜਾਂ ਉਸਨੂੰ ਦਿੱਤੀ ਗਈ ਦਰਖ਼ਾਸਤ 'ਤੇ, ਅਜਿਹੀ ਕਾਰਵਾਈ ਜਾਂ ਉਸ ਵਿੱਚ ਕੀਤੇ ਹੁਕਮ ਦੀ ਕਾਨੂੰਨਤਾ ਜਾਂ ਉਚਿਤਤਾ ਬਾਬਤ ਆਪਣੇ ਆਪ ਦੀ ਤਸੱਲੀ ਕਰਨ ਦੇ ਪ੍ਰਯੋਜਨ ਲਈ,

ਕਿਸੇ ਵੀ ਕਾਰਵਾਈਆਂ, ਜੋ ਉਸਦੇ ਮਾਤਹਿੱਤ ਕਿਸੇ ਅਥਾਰਟੀ ਅੱਗੇ ਲੰਬਿਤ ਹਨ ਜਾਂ ਉਸ ਵੱਲੋਂ ਨਿਬੇੜ ਦਿੱਤੀਆਂ ਗਈਆਂ ਹਨ, ਦੇ ਰਿਕਾਰਡ ਦੀ ਮੰਗ ਅਤੇ ਪ੍ਰੀਖਿਆ ਕਰ ਸਕੇਗਾ ਅਤੇ ਉਸ ਦੇ ਸੰਬੰਧ ਵਿੱਚ ਅਜਿਹਾ ਹੁਕਮ ਪਾਸ ਕਰ ਸਕੇਗਾ ਜਿਵੇਂ ਉਹ ਠੀਕ ਸਮਝੇ।

(2) ਉਪ-ਧਾਰਾ (1) ਅਧੀਨ ਕੋਈ ਵੀ ਦਰਖ਼ਾਸਤ ਹੁਕਮ ਪ੍ਰਾਪਤ ਹੋਣ ਦੀ ਤਰੀਕ ਤੋਂ ਸੱਠ ਦਿਨਾਂ ਦੀ ਮੁਦੱਤ ਦੇ ਗੁਜਰਣ ਤੋਂ ਪਿੱਛੋਂ ਗ੍ਰਹਿਣ ਨਹੀਂ ਕੀਤੀ ਜਾਵੇਗੀ।

(3) ਸੁਧਾਈ ਦੀਆਂ ਸ਼ਕਤੀਆਂ ਦੀ ਵਰਤੋਂ ਉਸ ਤਰੀਕ ਤੋਂ ਤਿੰਨ ਸਾਲਾਂ ਤੋਂ ਨ ਵੱਧ ਹੋਣ ਵਾਲੀ ਮੁਦੱਤ ਦੇ ਅੰਦਰ ਕੀਤੀ ਜਾਵੇਗੀ ਜਿਸ ਤਰੀਕ ਨੂੰ ਨਿਰਧਾਰਤੀ ਨੂੰ ਹੁਕਮ ਤਾਮੀਲ ਕੀਤਾ ਗਿਆ ਸੀ।

(4) ਇਸ ਧਾਰਾ ਅਧੀਨ ਕੋਈ ਵੀ ਹੁਕਮ ਦਰਖ਼ਾਸਤਕਾਰ ਜਾਂ ਨਿਰਧਾਰਤੀ ਨੂੰ ਸੁਣਵਾਈ ਦਾ ਵਾਜਬ ਮੌਕਾ ਦਿੱਤੇ ਬਿਨਾਂ ਪਾਸ ਨਹੀਂ ਕੀਤਾ ਜਾਵੇਗਾ।

(5) ਜਿੱਥੇ ਕਮਿਸ਼ਨਰ ਜਾਂ ਧਾਰਾ 3 ਅਧੀਨ ਨਿਯੁਕਤ ਅਧਿਕਾਰੀ ਇਸ ਧਾਰਾ ਅਧੀਨ ਨਜਰਸਾਨੀ ਦੀ ਕਿਸੇ ਵੀ ਦਰਖਾਸਤ ਨੂੰ ਰੱਦ ਕਰਦਾ ਹੈ, ਤਾਂ ਉਹ ਅਜਿਹੇ ਰੱਦਕਰਨ ਦੇ ਕਾਰਨ ਦਰਜ ਕਰੇਗਾ।

(6) ਇਸ ਧਾਰਾ ਦੀ ਉਪ-ਧਾਰਾ (1) ਅਧੀਨ ਪਾਸ ਕੀਤਾ ਗਿਆ ਹੁਕਮ, ਹੁਕਮ ਦੀ ਸੰਸੂਚਨਾ ਦੀ ਤਰੀਕ ਤੋਂ ਸੱਠ ਦਿਨਾਂ ਦੀ ਮੁਦੱਤ ਦੇ ਅੰਦਰ ਟ੍ਰਿਬਿਊਨਲ ਅੱਗੇ ਅਪੀਲਯੋਗ ਹੋਵੇਗਾ:

ਪਰੰਤੂ ਟ੍ਰਿਬਿਊਨਲ ਸੱਠ ਦਿਨਾਂ ਦੀ ਮੁਦੱਤ ਤੋਂ ਪਿੱਛੋਂ ਕੀਤੀ ਗਈ ਅਪੀਲ ਨੂੰ ਗ੍ਰਹਿਣ ਕਰ ਸਕੇਗਾ ਜੇ ਇਸਦੀ ਤਸੱਲੀ ਹੋ ਜਾਂਦੀ ਹੈ ਕਿ ਨਿਰਧਾਰਤੀ ਕੋਲ ਅਨੁਬੰਧਤ ਸਮੇਂ ਦੇ ਅੰਦਰ ਅਪੀਲ ਦਾਇਰ ਨਾ ਕਰਨ ਦਾ ਕਾਫ਼ੀ ਕਾਰਨ ਸੀ।

ਗਲਤੀਆਂ ਦੀ ਦਰੁਸਤੀ ਅਤੇ ਹੁਕਮ ਦੀ ਨਜਰਸਾਨੀ।

15. (1) ਇਸ ਐਕਟ ਅਧੀਨ ਕੋਈ ਅਥਾਰਟੀ, ਆਪਣੇ ਖ਼ੁਦ ਦੇ ਪ੍ਰਸਤਾਵ 'ਤੇ, ਜਾਂ ਇਸ ਨਮਿੱਤ ਕੀਤੀ ਗਈ ਦਰਖ਼ਾਸਤ 'ਤੇ, ਰਿਕਾਰਡ ਦੇਖਣ ਤੋਂ ਹੀ ਜ਼ਾਹਰ ਕਿਸੇ ਵੀ ਗਲਤੀਆਂ ਨੂੰ ਦਰੁਸਤ ਕਰ ਸਕੇਗੀ।

(2) ਇਸ ਐਕਟ ਅਧੀਨ ਕੋਈ ਅਥਾਰਟੀ, ਜੇਕਰ ਉਸਨੂੰ ਕਿਸੇ ਵਿਅਕਤੀ ਦੁਆਰਾ ਅਦਾਇਗੀਯੋਗ ਕਰ ਦੇ ਘੱਟ-ਨਿਰਧਾਰਣ ਦਾ ਪਤਾ ਲੱਗਦਾ ਹੈ, ਇਸ ਕਾਰਨ ਕਰਕੇ ਕਿ, –

(i) ਅਜਿਹੇ ਵਿਅਕਤੀ ਨੇ ਧੋਖਾਧੜੀ ਜਾਂ ਜਾਣਬੁੱਝ ਕੇ ਅਣਗਹਿਲੀ ਕੀਤੀ ਹੈ; ਜਾਂ

(ii) ਅਜਿਹੇ ਵਿਅਕਤੀ ਨੇ ਤੱਥਾਂ ਦੀ ਗਲਤ ਬਿਆਨੀ ਕੀਤੀ ਹੈ;

ਕਮਿਸ਼ਨਰ ਦੀ ਪੂਰਵ ਪ੍ਰਵਾਨਗੀ ਨਾਲ ਆਪਣੇ ਖ਼ੁਦ ਦੇ ਹੁਕਮ ਦੀ ਨਜ਼ਰਸਾਨੀ ਕਰ ਸਕੇਗੀ:

ਪਰੰਤੂ ਇਸ ਧਾਰਾ ਅਧੀਨ ਕਿਸੇ ਨਿਯੋਜਕ ਜਾਂ ਵਿਅਕਤੀ ਨੂੰ ਪ੍ਰਤੀਕੂਲ ਢੰਗ ਨਾਲ ਪ੍ਰਭਾਵਤ ਕਰਦਾ ਹੁਕਮ ਪਾਸ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਿ ਅਜਿਹੇ ਨਿਯੋਜਕ ਜਾਂ ਵਿਅਕਤੀ ਨੂੰ ਸੁਣਵਾਈ ਦਾ ਵਾਜਬ ਮੌਕਾ ਨਾ ਦਿੱਤਾ ਗਿਆ ਹੋਵੇ:

ਪਰੰਤੂ ਇਹ ਹੋਰ ਕਿ ਉਪਰੋਕਤ ਖੰਡ (i) ਅਤੇ (ii) ਦੇ ਅਨੁਸਾਰ ਕੋਈ ਵੀ ਹੁਕਮ, ਜਿਸ ਤਰੀਕ ਨੂੰ ਇਹ ਪਾਸ ਕੀਤਾ ਗਿਆ ਸੀ, ਉਸ ਤਰੀਕ ਤੋਂ ਤਿੰਨ ਸਾਲਾਂ ਦੀ ਮੁੱਦਤ ਦੇ ਗੁਜਰਣ ਤੋਂ ਪਿੱਛੋਂ ਦਰੁਸਤ ਜਾਂ ਨਜ਼ਰਸਾਨੀ ਨਹੀਂ ਕੀਤਾ ਜਾਵੇਗਾ ।

ਲੇਖੇ ।

16. (1) ਜੇਕਰ ਕਮਿਸ਼ਨਰ ਜਾਂ ਨਾਮਤ ਅਧਿਕਾਰੀ ਦੀ ਇਸ ਗੱਲ ਤੋਂ ਤਸੱਲੀ ਹੈ ਕਿ ਕਿਸੇ ਨਿਯੋਜਕ ਜਾਂ ਭਰਤੀ ਕੀਤੇ ਵਿਅਕਤੀ ਦੁਆਰਾ ਉਸਦੇ ਪੇਸ਼ੇ, ਵਪਾਰ, ਕਿੱਤੇ ਜਾਂ ਰੁਜ਼ਗਾਰ ਦੇ ਸਾਧਾਰਣ ਅਨੁਕ੍ਰਮ ਵਿੱਚ ਰੱਖੇ ਗਏ ਲੇਖੇ ਦੀਆਂ ਵਹੀਆਂ ਅਤੇ/ਜਾਂ ਹੋਰ ਦਸਤਾਵੇਜ਼ ਇਸ ਐਕਟ ਦੇ ਅਧੀਨ ਨਿਯੋਜਕ ਜਾਂ ਭਰਤੀ ਕੀਤੇ ਵਿਅਕਤੀ ਦੁਆਰਾ ਦਾਇਰ ਕੀਤੀਆਂ ਗਈਆਂ ਵਿਵਰਣੀਆਂ ਦੀ ਤਸਦੀਕ ਲਈ ਕਾਫੀ ਨਹੀਂ ਹਨ, ਤਾਂ ਕਮਿਸ਼ਨਰ ਜਾਂ ਨਾਮਤ ਅਧਿਕਾਰੀ ਲਈ ਇਹ ਕਾਨੂੰਨ ਪੂਰਨ ਹੋਵੇਗਾ ਕਿ ਉਹ ਨਿਯੋਜਕ ਜਾਂ ਭਰਤੀ ਕੀਤੇ ਵਿਅਕਤੀ ਨੂੰ ਲੇਖਿਆਂ ਦੀਆਂ ਵਹੀਆਂ ਜਾਂ ਹੋਰ ਦਸਤਾਵੇਜ਼ਾਂ ਨੂੰ ਅਜਿਹੇ ਤਰੀਕੇ ਨਾਲ ਰੱਖਣ ਦਾ ਨਿਰਦੇਸ਼ ਦੇਵੇ ਜਿਵੇਂ ਉਹ ਲਿਖਤੀ ਰੂਪ ਵਿੱਚ ਨਿਰਦੇਸ਼ ਦੇ ਸਕਦਾ ਹੈ, ਅਤੇ ਉਸ ਤੋਂ ਪਿੱਛੋਂ ਨਿਯੋਜਕ ਜਾਂ ਭਰਤੀ ਕੀਤਾ ਵਿਅਕਤੀ ਅਜਿਹੇ ਲੇਖਿਆਂ ਦੀਆਂ ਵਹੀਆਂ ਜਾਂ ਹੋਰ ਦਸਤਾਵੇਜ਼ਾਂ ਨੂੰ ਉਸੇ ਅਨੁਸਾਰ ਰੱਖੇਗਾ।

(2) ਉਪ-ਧਾਰਾ (1) ਦੇ ਅਧੀਨ ਇੱਕ ਨਿਰਧਾਰਤੀ ਦੁਆਰਾ ਰੱਖੀਆਂ ਗਈਆਂ ਲੇਖਿਆਂ ਦੀਆਂ ਵਹੀਆਂ ਅਤੇ ਹੋਰ ਦਸਤਾਵੇਜ਼ ਆਮਦਨ ਕਰ ਐਕਟ, 1961 ਦੇ ਅਧੀਨ ਉਲਿਖਤ ਮੁਦੱਤ ਲਈ ਸੰਭਾਲ ਕੇ ਰੱਖੇ ਜਾਣਗੇ।

ਲੇਖਿਆਂ ਅਤੇ ਦਸਤਵਾਵੇਜ਼ਾਂ ਦੀ ਪੇਸ਼ਕਾਰੀ ਅਤੇ ਨਿਰੀਖਣ ਅਤੇ ਇਹਾਤੇ ਦੀ ਤਲਾਸ਼ੀ ।

17. (1) ਕਮਿਸ਼ਨਰ ਜਾਂ ਇਸ ਐਕਟ ਅਧੀਨ ਨਾਮਤ ਅਧਿਕਾਰੀ, ਇਸ ਐਕਟ ਦੇ ਪ੍ਰਯੋਜਨਾਂ ਲਈ, ਕਿਸੇ ਵਿਅਕਤੀ ਜਾਂ ਕਿਸੇ ਨਿਯੋਜਕ ਤੋਂ ਉਸਦੇ ਪੇਸ਼ੇ, ਵਪਾਰ, ਕਿੱਤੇ ਜਾਂ ਰੁਜ਼ਗਾਰ, ਜਾਂ ਉਸਦੇ ਕਰਮਚਾਰੀਆਂ ਨੂੰ ਤਨਖਾਹਾਂ ਜਾਂ ਉਜਰਤਾਂ ਦੀ ਵੰਡ, ਜਿਹੀ ਕਿ ਸੂਰਤ ਹੋਵੇ, ਨਾਲ ਸਬੰਧਤ ਕਿਸੇ ਲੇਖੇ ਜਾਂ ਦਸਤਾਵੇਜ਼ ਪੇਸ਼ ਕਰਨਾ ਲੋੜ ਸਕੇਗਾ।

(2) ਜੇਕਰ ਕਮਿਸ਼ਨਰ ਜਾਂ ਇਸ ਐਕਟ ਅਧੀਨ ਨਾਮਤ ਅਧਿਕਾਰੀ ਨੂੰ ਸ਼ੱਕ ਕਰਨ ਦਾ ਕਾਰਨ ਹੈ ਕਿ ਕੋਈ ਵਿਅਕਤੀ ਜਾਂ ਨਿਯੋਜਕ ਇਸ ਐਕਟ ਅਧੀਨ ਕਿਸੇ ਕਰ ਦੀ ਅਦਾਇਗੀ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਹੈ, ਤਾਂ ਉਹ, ਲਿਖਤੀ ਰੂਪ ਵਿੱਚ ਕਾਰਨ ਕਲਮਬੰਦ ਕਰਕੇ, ਕਿਸੇ ਇਹਾਤੇ ਦਾ ਨਿਰੀਖਣ ਅਤੇ ਤਲਾਸ਼ੀ ਲੈ ਸਕਦਾ ਹੈ, ਜਿੱਥੇ ਇਸ ਐਕਟ ਅਧੀਨ ਕਰ ਦੇਣ ਲਈ ਭਾਗੀ ਕੋਈ ਪੇਸ਼ਾ, ਵਪਾਰ, ਕਿੱਤਾ ਜਾਂ ਰੁਜ਼ਗਾਰ ਕੀਤਾ ਜਾਂਦਾ ਹੈ, ਅਤੇ ਜਿਵੇਂ ਜ਼ਰੂਰੀ ਹੋਵੇ, ਲੇਖਿਆਂ ਦੀਆਂ ਵਹੀਆਂ, ਰਜਿਸਟਰਾਂ ਜਾਂ ਦਸਤਾਵੇਜ਼ਾਂ ਦਾ ਪੇਸ਼ ਕਰਨਾ, ਪ੍ਰੀਖਿਆ ਅਤੇ ਜ਼ਬਤੀ ਕਾਰਤ ਕਰਵਾ ਸਕਦਾ ਹੈ:

ਪਰੰਤੂ, ਨਾਮਤ ਅਧਿਕਾਰੀ, ਅਜਿਹੀ ਮੁਦੱਤ ਲਈ ਜਿਵੇਂ ਉਹ ਉਚਿਤ ਸਮਝੇ, ਉੱਪਰ ਦਰਸਾਏ ਗਏ ਕਿਸੇ ਵੀ ਲੇਖਿਆਂ ਦੀਆਂ ਵਹੀਆਂ ਜਾਂ ਹੋਰ ਦਸਤਾਵੇਜ਼ਾਂ ਨੂੰ ਕਮਿਸ਼ਨਰ ਦੀ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਸੱਠ ਦਿਨਾਂ ਤੱਕ ਦੀ ਮੁਦੱਤ ਲਈ ਜ਼ਬਤ ਕਰ ਸਕੇਗਾ ਅਤੇ ਆਪਣੀ ਸੰਭਾਲ ਵਿੱਚ ਰੱਖ ਸਕੇਗਾ।

(3) ਕੰਮ ਵਾਲੀ ਥਾਂ ਜਾਂ ਤਲਾਸ਼ੀ ਲਏ ਗਏ ਇਹਾਤੇ ਦਾ ਦਖੀਲਕਾਰ ਜਾਂ ਉਸਦੇ ਨਮਿੱਤ ਕਿਸੇ ਵਿਅਕਤੀ ਨੂੰ, ਹਰੇਕ ਵਾਰ, ਤਲਾਸ਼ੀ ਦੌਰਾਨ ਹਾਜ਼ਰ ਰਹਿਣ ਦੀ ਆਗਿਆ ਹੋਵੇਗੀ। ਉਪ-ਧਾਰਾ (2) ਵਿੱਚ ਦਰਸਾਏ ਗਏ ਲੇਖਿਆਂ ਦੀਆਂ ਵਹੀਆਂ, ਰਜਿਸਟਰਾਂ ਜਾਂ ਦਸਤਾਵੇਜ਼ਾਂ ਨੂੰ ਜ਼ਬਤ ਕਰਨ ਦੇ ਬਾਰੇ ਵਿੱਚ ਰਸੀਦ ਤੇ ਦਖੀਲਕਾਰ ਜਾਂ ਤਲਾਸ਼ੀ ਅਤੇ ਜ਼ਬਤੀ ਦੇ ਸ਼ਾਹਦ ਕਿਸੇ ਵਿਅਕਤੀ ਦੁਆਰਾ ਪ੍ਰਤੀ-ਹਸਤਾਖਰ ਕੀਤੇ ਜਾਣਗੇ।

ਵਾਧੂ ਅਦਾਇਗੀ ਦੀ ਮੋੜਨਾ।

18. ਨਾਮਤ ਅਧਿਕਾਰੀ ਇੱਕ ਵਿਅਕਤੀ ਨੂੰ ਇਸ ਐਕਟ ਦੇ ਅਧੀਨ ਅਜਿਹੇ ਵਿਅਕਤੀ ਵੱਲੋਂ ਦੇਣਯੋਗ ਰਕਮ ਤੋਂ ਵੱਧ ਅਦਾ ਕੀਤੇ ਕਰ, ਡੰਨ, ਵਿਆਜ ਜਾਂ ਫੀਸ, ਜੇ ਕੋਈ ਹੋਵੇ, ਦੀ ਰਕਮ ਮੋੜੇਗਾ। ਇਹ ਮੋੜਨਾ ਦਰਖ਼ਾਸਤਕਾਰ ਦੀ ਰਜਿਸਟਰੀਕਰਨ ਜਾਂ ਭਰਤੀ ਲਈ ਉਸਦੀ ਦਰਖਾਸਤ ਵਿੱਚ ਦਰਸਾਏ ਗਏ ਅਤੇ ਮੋੜਨ ਦੀ ਦਰਖ਼ਾਸਤ ਵਿੱਚ ਉਲਿਖਤ ਕੀਤੇ ਗਏ ਬੈਂਕ ਖਾਤਿਆਂ ਵਿੱਚੋਂ ਕਿਸੇ ਇੱਕ ਵਿੱਚ ਇਲੈਕਟ੍ਰਾਨਿਕ ਤਰੀਕੇ ਨਾਲ ਜਾਂ ਅਜਿਹੇ ਮੋੜਨ ਦੇ ਹੱਕਦਾਰ ਵਿਅਕਤੀ ਦੇ ਵਿਕਲਪ 'ਤੇ, ਭਵਿੱਖ ਵਿੱਚ ਸੰਭਾਵੀ ਪੈਦਾ ਹੋਣ ਵਾਲੇ ਕਰ, ਡੰਨ ਜਾਂ ਵਿਆਜ ਦੇ ਕਾਰਨ ਕਿਸੇ ਦੇਣਦਾਰੀ ਦੇ ਬਦਲੇ ਐਡਜਸਟ ਕੀਤੇ ਜਾਣ ਲਈ ਰਿਫੰਡ ਐਡਜਸਟਮੈਂਟ ਹੁਕਮ ਦੇ ਰਾਹੀਂ ਜਮ੍ਹਾਂ ਕੀਤਾ ਜਾਵੇਗਾ:

ਪਰੰਤੂ ਨਾਮਤ ਅਧਿਕਾਰੀ ਪਹਿਲੀ ਵਾਰ ਅਜਿਹੀ ਵਾਧੂ ਰਕਮ ਨੂੰ ਇਸ ਐਕਟ ਦੇ ਅਧੀਲ ਅਜਿਹੇ ਵਿਅਕਤੀ ਤੋਂ ਦੇਣਯੋਗ ਕਿਸੇ ਵੀ ਰਕਮ ਦੀ ਵਸੂਲੀ ਪ੍ਰਤੀ ਵਰਤੇਗਾ, ਅਤੇ ਫਿਰ ਬਕਾਇਆ ਰਕਮ, ਜੇ ਕੋਈ ਹੋਵੇ, ਮੋੜੇਗਾ।

ਡੰਨ।

19. (1) ਜਿੱਥੇ ਰਜਿਟਰੀਕਰਨ ਲਈ ਭਾਗੀ ਨਿਯੋਜਕ ਬਿਨਾਂ ਕਿਸੇ ਵਾਜਬ ਕਾਰਨ ਦੇ ਲੋੜੀਂਦੇ ਸਮੇਂ ਦੇ ਅੰਦਰ ਅਜਿਹੇ ਸਰਟੀਫਿਕੇਟ ਲਈ ਅਰਜ਼ੀ ਦੇਣ ਵਿੱਚ ਅਸਫਲ ਰਿਹਾ ਹੈ, ਤਾਂ ਨਾਮਤ ਅਧਿਕਾਰੀ, ਉਸਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਪਿੱਛੋਂ, ਦੇਰੀ ਦੇ ਹਰੇਕ ਸਾਲ ਲਈ ਕੇਵਲ ਦੋ ਹਜ਼ਾਰ ਰੁਪਏ ਦੇ ਤੁਲ ਡੰਨ ਲਾ ਸਕੇਗਾ। ਸਾਲ ਦੇ ਇਕ ਭਾਗ ਨੂੰ ਪੂਰਾ ਸਾਲ ਮੰਨਿਆ ਜਾਵੇਗਾ।

(2) ਜਿੱਥੇ ਭਰਤੀ ਲਈ ਭਾਗੀ ਵਿਅਕਤੀ ਬਿਨ੍ਹਾਂ ਕਿਸੇ ਵਾਜਬ ਕਾਰਨ ਦੇ ਲੋੜੀਂਦੇ ਸਮੇਂ ਦੇ ਅੰਦਰ ਅਜਿਹੇ ਸਰਟੀਫਿਕੇਟ ਲਈ ਅਰਜੀ ਦੇਣ ਵਿੱਚ ਅਸਫਲ ਰਿਹਾ ਹੈ, ਤਾਂ ਨਾਮਤ ਅਧਿਕਾਰੀ, ਉਸ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਪਿੱਛੋਂ, ਦੇਰੀ ਦੇ ਹਰੇਕ ਸਾਲ ਲਈ ਇਕ ਹਜ਼ਾਰ ਰੁਪਏ ਦੇ ਤੁਲ ਡੰਨ ਲਾ ਸਕੇਗਾ। ਸਾਲ ਦੇ ਇਕ ਭਾਗ ਨੂੰ ਪੂਰਾ ਸਾਲ ਮੰਨਿਆ ਜਾਵੇਗਾ।

(3) ਜਿੱਥੇ ਰਜਿਟਰੀਕਰਨ ਲਈ ਭਾਗੀ ਕਿਸੇ ਨਿਯੋਜਕ ਨੇ ਇਸ ਐਕਟ ਦੇ ਅਧੀਨ ਜਮ੍ਹਾਂ ਕਰਵਾਈ ਗਈ ਦਰਖ਼ਾਸਤ ਵਿੱਚ ਜਾਣਬੁੱਝ ਕੇ ਗ਼ਲਤ ਜਾਣਕਾਰੀ ਦਿੱਤੀ ਹੈ, ਤਾਂ ਨਾਮਤ ਅਧਿਕਾਰੀ, ਉਸ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਪਿੱਛੋਂ, ਉਸ ਤੇ ਦੋ ਹਜ਼ਾਰ ਰੁਪਏ ਦੇ ਤੁਲ ਡੰਨ ਜਾਂ ਅਜਿਹੀ ਗ਼ਲਤ ਜਾਣਕਾਰੀ ਦੇ ਕਾਰਨ ਉਤਪੰਨ ਹੋਇਆ ਕਰ, ਵਿਆਜ ਜਾਂ ਡੰਨ, ਸਮੇਤ ਵਾਧੂ ਮੰਗ ਜੋ ਵੀ ਵੱਧ ਹੋਵੇ, ਲਾ ਸਕੇਗਾ।

(4) ਜਿੱਥੇ ਭਰਤੀ ਲਈ ਭਾਗੀ ਵਿਅਕਤੀ ਨੇ ਇਸ ਐਕਟ ਦੇ ਅਧੀਨ ਜਮ੍ਹਾਂ ਕਰਵਾਈ ਗਈ ਦਰਖਾਸਤ ਵਿੱਚ ਜਾਣਬੁੱਝ ਕੇ ਗਲਤ ਜਾਣਕਾਰੀ ਦਿੱਤੀ ਹੈ, ਤਾਂ ਨਾਮਤ ਅਧਿਕਾਰੀ, ਉਸ ਨੂੰ ਸੁਣਵਾਈ ਦਾ ਇਕ ਵਾਜਬ ਮੌਕਾ ਦੇਣ ਤੋਂ ਪਿੱਛੋਂ, ਉਸ ਤੇ ਇਕ ਹਜ਼ਾਰ ਰੁਪਏ ਦੇ ਤੁਲ ਡੰਨ ਜਾਂ ਅਜਿਹੀ ਗ਼ਲਤ ਜਾਣਕਾਰੀ ਦੇਣ ਕਾਰਨ ਉਤਪੰਨ ਹੋਇਆ ਕਰ, ਵਿਆਜ ਜਾਂ ਡੰਨ, ਅਤੇ ਵਾਧੂ ਮੰਗ ਜੋ ਵੀ ਵੱਧ ਹੋਵੇ, ਲਾ ਸਕੇਗਾ।

(5) ਜਿੱਥੇ ਇਕ ਰਜਿਟਰਸ਼ੁਦਾ ਨਿਯੋਜਕ ਬਿਨ੍ਹਾਂ ਕਿਸੇ ਵਾਜਬ ਕਾਰਨ ਦੇ ਲੋੜੀਂਦੇ ਸਮੇਂ ਦੇ ਅੰਦਰ ਇਸ ਐਕਟ ਅਧੀਨ ਵਿਵਰਣੀ ਦਾਇਰ ਕਰਨ ਵਿੱਚ ਅਸਫਲ ਰਿਹਾ ਹੈ, ਤਾਂ ਨਾਮਤ ਅਧਿਕਾਰੀ, ਉਸ ਨੂੰ ਸੁਣਵਾਈ ਦਾ ਇਕ ਵਾਜਬ ਮੌਕਾ ਦੇਣ ਤੋਂ ਪਿੱਛੋਂ, ਉਸ 'ਤੇ ਪ੍ਰਤੀ ਸਾਲ ਪ੍ਰਤੀ ਵਿਵਰਣੀ ਹਜ਼ਾਰ ਰੁਪਏ ਦਾ ਡੰਨ ਲਾ ਸਕੇਗਾ। ਸਾਲ ਦੇ ਇਕ ਭਾਗ ਨੂੰ ਪੂਰਾ ਸਾਲ ਮੰਨਿਆ ਜਾਵੇਗਾ।

(6) ਜਿੱਥੇ ਇਕ ਭਰਤੀ ਕੀਤਾ ਵਿਅਕਤੀ ਬਿਨ੍ਹਾਂ ਕਿਸੇ ਵਾਜਬ ਕਾਰਨ ਦੇ ਲੋੜੀਂਦੇ ਸਮੇਂ ਦੇ ਅੰਦਰ ਇਸ ਐਕਟ ਅਧੀਨ ਵਿਵਰਣੀ ਦਾਇਰ ਕਰਨ ਵਿੱਚ ਅਸਫਲ ਰਿਹਾ ਹੈ, ਤਾਂ ਨਾਮਤ ਅਧਿਕਾਰੀ, ਉਸ ਨੂੰ ਸੁਣਵਾਈ ਦਾ ਇਕ ਵਾਜਬ ਮੌਕਾ ਦੇਣ ਤੋਂ ਪਿੱਛੋਂ ਉਸ ਤੇ, ਪ੍ਰਤੀ ਸਾਲ ਪ੍ਰਤੀ ਵਿਵਰਣੀ ਪੰਜ ਸੌ ਰੁਪਏ ਦਾ ਡੰਨ ਲਾ ਸਕੇਗਾ। ਸਾਲ ਦੇ ਇਕ ਭਾਗ ਨੂੰ ਪੂਰਾ ਸਾਲ ਮੰਨਿਆ ਜਾਵੇਗਾ।

(7) ਜੇ ਕੋਈ ਰਜਿਸਟਰਸ਼ੁਦਾ ਨਿਯੋਜਕ ਜਾਂ ਭਰਤੀ ਕੀਤਾ ਵਿਅਕਤੀ ਬਿਨ੍ਹਾਂ ਕਿਸੇ ਵਾਜਬ ਕਾਰਨ ਦੇ, ਮੰਗ ਨੋਟਿਸ ਵਿੱਚ ਉਲਿਖਤ ਲੋੜੀਂਦੇ ਸਮੇਂ ਜਾਂ ਤਰੀਕ ਦੇ ਅੰਦਰ ਕਰ ਦੀ ਕਿਸੇ ਵੀ ਰਕਮ ਦੀ ਅਦਾਇਗੀ ਕਰਨ ਵਿੱਚ ਅਸਫਲ ਰਿਹਾ ਹੈ, ਤਾਂ ਨਾਮਤ ਅਧਿਕਾਰੀ, ਉਸ ਨੂੰ ਸੁਣਵਾਈ ਦਾ ਇਕ ਵਾਜਬ ਮੌਕਾ ਦੇਣ ਤੋਂ ਪਿੱਛੋਂ, ਉਸ ਤੇ ਦੇਣਯੋਗ ਕਰ ਦੀ ਰਕਮ ਦੇ ਪੰਜਾਹ ਪ੍ਰਤੀਸ਼ਤ ਦੇ ਬਰਾਬਰ ਡੰਨ ਲਾ ਸਕੇਗਾ।

(8) ਜਿਥੇ ਕੋਈ ਰਜਿਸਟਰਸ਼ੁਦਾ ਨਿਯੋਜਕ, ਜਿਵੇਂ ਧਾਰਾ 16 ਦੀ ਉਪ-ਧਾਰਾ (1) ਦੇ ਅਧੀਨ ਨਿਰਦੇਸ਼ਤ ਕੀਤਾ ਹੋਵੇ, ਜਾਣਬੁੱਝ ਕੇ ਲੇਖੇ ਦੀਆਂ ਵਹੀਆਂ ਜਾਂ ਹੋਰ ਦਸਤਾਵੇਜ਼ਾਂ ਨੂੰ ਰੱਖਣ ਵਿੱਚ ਅਸਫਲ ਰਿਹਾ ਹੈ, ਤਾਂ ਕਮਿਸ਼ਨਰ ਜਾਂ ਨਾਮਤ ਅਧਿਕਾਰੀ, ਉਸ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਪਿੱਛੋਂ, ਉਸ 'ਤੇ ਕੇਵਲ ਦੋ ਹਜ਼ਾਰ ਰੁਪਏ ਦੇ ਤੁਲ ਡੰਨ ਲਾ ਸਕੇਗਾ।

(9) ਜਿਥੇ ਭਰਤੀ ਕੀਤਾ ਵਿਅਕਤੀ, ਜਿਵੇਂ ਧਾਰਾ 16 ਦੀ ਉਪ-ਧਾਰਾ (1) ਅਧੀਨ ਨਿਰਦੇਸ਼ਤ ਕੀਤਾ ਹੋਵੇ, ਜਾਣਬੁੱਝ ਕੇ ਲੇਖੇ ਦੀਆਂ ਵਹੀਆਂ ਜਾਂ ਹੋਰ ਦਸਤਾਵੇਜਾਂ ਨੂੰ ਰੱਖਣ ਵਿੱਚ ਅਸਫਲ ਰਿਹਾ ਹੈ, ਤਾਂ ਕਮਿਸ਼ਨਰ ਜਾਂ ਨਾਮਤ ਅਧਿਕਾਰੀ, ਉਸਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਪਿੱਛੋਂ, ਉਸ ਤੇ ਕੇਵਲ ਇਕ ਹਜ਼ਾਰ ਰੁਪਏ ਦੇ ਤੁਲ ਡੰਨ ਲਾ ਸਕੇਗਾ।

(10) ਜੇ ਕੋਈ ਰਜਿਸਟਰਸ਼ੁਦਾ ਨਿਯੋਜਕ, ਬਿਨ੍ਹਾਂ ਕਾਫ਼ੀ ਕਾਰਨ ਦੇ, ਇਸ ਐਕਟ ਜਾਂ ਇਸਦੇ ਅਧੀਨ ਬਣਾਏ ਨਿਯਮਾਂ ਦੇ ਕਿਸੇ ਵੀ ਉਪਬੰਧਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਿਹਾ ਹੈ, ਤਾਂ ਉਹ ਦੇਣਯੋਗ ਕਰ ਅਤੇ ਵਿਆਜ ਤੋਂ ਇਲਾਵਾ, ਕੇਵਲ ਦੋ ਹਜ਼ਾਰ ਰੁਪਏ ਦਾ ਡੰਨ ਅਦਾ ਕਰਨ ਦਾ ਭਾਗੀ ਹੋਵੇਗਾ, ਜਿਸ ਨੂੰ ਅਪਰਾਧ ਦੇ ਜਾਰੀ ਰਹਿਣ ਦੀ ਸੂਰਤ ਵਿੱਚ ਤਿੰਨ ਹਜ਼ਾਰ ਰੁਪਏ ਤੱਕ ਵਧਾਇਆ ਜਾ ਸਕੇਗਾ।

(11) ਜੇ ਕੋਈ ਭਰਤੀ ਕੀਤਾ ਵਿਅਕਤੀ, ਬਿਨ੍ਹਾਂ ਕਾਫ਼ੀ ਕਾਰਨ ਦੇ, ਇਸ ਐਕਟ ਜਾਂ ਇਸਦੇ ਅਧੀਨ ਬਣਾਏ ਨਿਯਮਾਂ ਦੇ ਕਿਸੇ ਵੀ ਉਪਬੰਧਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਿਹਾ ਹੈ, ਤਾਂ ਉਹ ਦੇਣਯੋਗ ਕਰ ਅਤੇ ਵਿਆਜ ਤੋਂ ਇਲਾਵਾ, ਕੇਵਲ ਇਕ ਹਜ਼ਾਰ ਰੁਪਏ ਦਾ ਡੰਨ ਅਦਾ ਕਰਨ ਦਾ ਭਾਗੀ ਹੋਵੇਗਾ, ਜਿਸ ਨੂੰ ਅਪਰਾਧ ਦੇ ਜਾਰੀ ਰਹਿਣ ਦੀ ਸੂਰਤ ਵਿੱਚ ਦੋ ਹਜ਼ਾਰ ਰੁਪਏ ਤੱਕ ਵਧਾਇਆ ਜਾ ਸਕੇਗਾ:

ਪਰੰਤੂ ਇਸ ਧਾਰਾ ਅਧੀਨ ਕੋਈ ਵੀ ਡੰਨ ਨਿਰਧਾਰਤੀ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਬਿਨ੍ਹਾਂ ਨਹੀਂ ਲਾਇਆ ਜਾਵੇਗਾ।

ਕੰਪਨੀਆਂ ਦੁਆਰਾ ਅਪਰਾਧ।

20. (1) ਜਿੱਥੇ ਇਸ ਐਕਟ ਅਧੀਨ ਕੋਈ ਅਪਰਾਧ ਕਿਸੇ ਕੰਪਨੀ ਦੁਆਰਾ ਕੀਤਾ ਗਿਆ ਹੋਵੇ, ਉਥੇ ਹਰੇਕ ਉਹ ਵਿਅਕਤੀ ਜੋ ਅਪਰਾਧ ਕੀਤੇ ਜਾਣ ਸਮੇਂ, ਕੰਪਨੀ ਦੇ ਕਾਰੋਬਾਰ ਦੇ ਸੰਚਾਲਣ ਲਈ ਉਸ ਕੰਪਨੀ ਦਾ ਇੰਚਾਰਜ ਸੀ ਅਤੇ ਉਸ ਪ੍ਰਤੀ ਉਤਰਦਾਈ ਸੀ, ਨੂੰ ਉਸ ਅਪਰਾਧ ਦਾ ਦੋਸ਼ੀ ਸਮਝਿਆ ਜਾਵੇਗਾ ਅਤੇ ਉਸ ਅਨੁਸਾਰ ਆਪਣੇ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦਾ ਭਾਗੀ ਹੋਵੇਗਾ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਇਸ ਐਕਟ ਅਧੀਨ ਕੋਈ ਅਪਰਾਧ ਕਿਸੇ ਕੰਪਨੀ ਦੁਆਰਾ ਕੀਤਾ ਗਿਆ ਹੈ ਅਤੇ ਇਹ ਸਾਬਤ ਹੋ ਜਾਂਦਾ ਹੈ ਕਿ ਉਹ ਅਪਰਾਧ ਕੰਪਨੀ ਦੇ ਕਿਸੇ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਹੋਰ ਅਧਿਕਾਰੀ ਦੀ ਸੰਮਤੀ ਜਾਂ ਅਣਡਿਠਤਾ ਨਾਲ ਕੀਤਾ ਗਿਆ ਹੈ, ਜਾਂ ਉਸ ਦੀ ਕਿਸੇ ਅਣਗਹਿਲੀ ਕਾਰਨ ਹੋਇਆ ਮੰਨਿਆ ਜਾ ਸਕਦਾ ਹੈ, ਉਥੇ ਅਜਿਹਾ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਹੋਰ ਅਧਿਕਾਰੀ ਵੀ ਉਸ ਅਪਰਾਧ ਦਾ ਦੋਸ਼ੀ ਸਮਝਿਆ ਜਾਵੇਗਾ ਅਤੇ ਉਸ ਅਨੁਸਾਰ ਆਪਣੇ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦਾ ਭਾਗੀ ਹੋਵੇਗਾ।

ਵਿਆਖਿਆ.- ਇਸ ਧਾਰਾ ਦੇ ਪ੍ਰਯੋਜਨਾਂ ਲਈ,-

(ੳ) "ਕੰਪਨੀ" ਦਾ ਮਤਲਬ ਹੈ ਕੋਈ ਨਿਗਮ ਬੌਡੀ ਅਤੇ ਇਸ ਵਿੱਚ ਕੋਈ ਫ਼ਰਮ ਜਾਂ ਵਿਅਕਤੀਆਂ ਦੀ ਹੋਰ ਸਭਾ ਸ਼ਾਮਲ ਹੈ; ਅਤੇ

(ਅ) "ਡਾਇਰੈਕਟਰ" ਦਾ, ਕਿਸੇ ਫਰਮ ਦੇ ਸੰਬੰਧ ਵਿੱਚ, ਮਤਲਬ ਹੈ, ਉਸ ਫਰਮ ਵਿੱਚ ਕੋਈ ਭਾਈਵਾਲ।

ਹਾਜ਼ਰ ਕਰਵਾਉਣ ਦੀ ਸ਼ਕਤੀ।

21. ਇਸ ਐਕਟ ਅਧੀਨ ਸਾਰੀਆਂ ਅਥਾਰਟੀਆਂ ਨੂੰ, ਇਸ ਐਕਟ ਦੇ ਪ੍ਰਯੋਜਨਾਂ ਲਈ, ਉਹੀ ਸ਼ਕਤੀਆਂ ਪ੍ਰਾਪਤ ਹੋਣਗੀਆਂ ਜੋ ਜ਼ਾਬਤਾ ਦੀਵਾਨੀ ਸੰਘਤਾ, 1908 (1908 ਦਾ 5) ਦੇ ਅਧੀਨ ਕਿਸੇ ਦਾਵੇ ਨੂੰ ਵਿਚਾਰਣ ਦੌਰਾਨ, ਕਿਸੇ ਵਿਅਕਤੀ ਨੂੰ ਹਾਜ਼ਰ ਕਰਵਾਉਣ ਜਾਂ ਉਸਦੀ ਸਹੁੰ ਜਾਂ ਪ੍ਰਤਿਗਿਆ ਤੇ ਪ੍ਰੀਖਿਆ ਕਰਨ ਜਾਂ ਕਿਸੇ ਦਸਤਾਵੇਜ਼ ਨੂੰ ਪੇਸ਼ ਕਰਨ ਲਈ ਮਜਬੂਰ ਕਰਨ ਦੇ ਬਾਰੇ ਵਿੱਚ ਇੱਕ ਅਦਾਲਤ ਵਿੱਚ ਨਿਹਿਤ ਹਨ।

ਕਾਰਵਾਈਆਂ ਤੇ ਰੋਕ।

22. (1) ਕੋਈ ਵੀ ਅਦਾਲਤ ਇਸ ਐਕਟ, ਜਾਂ ਇਸਦੇ ਅਧੀਨ ਬਣਾਏ ਗਏ ਨਿਯਮਾਂ ਜਾਂ ਇਸਦੇ ਜਾਂ ਉਸਦੇ ਦਾਇਰੇ ਵਿੱਚ ਆਉਣ ਵਾਲੇ ਕਿਸੇ ਹੋਰ ਮਾਮਲੇ ਦੇ ਬਾਰੇ ਵਿੱਚ ਕਿਸੇ ਅਧਿਕਾਰੀ ਜਾਂ ਅਥਾਰਟੀ ਦੁਆਰਾ ਕੀਤੇ ਗਏ ਜਾਂ ਪਾਸ ਕੀਤੇ ਗਏ ਕਿਸੇ ਨਿਰਧਾਰਣ, ਹੁਕਮ ਜਾਂ ਫੈਸਲੇ ਦੀ ਜਾਇਜਤਾ ਨੂੰ ਰੱਦ ਕਰਨ ਜਾਂ ਰੂਪਭੇਦ ਕਰਨ, ਜਾਂ ਉਜਰ ਕਰਨ ਲਈ ਕਿਸੇ ਦਾਵੇ ਜਾਂ ਹੋਰ ਕਾਰਵਾਈ ਨੂੰ ਗ੍ਰਹਿਣ ਨਹੀਂ ਕਰੇਗੀ।

(2) ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਅਧੀਨ ਨੇਕਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਇਸ ਐਕਟ ਅਧੀਨ ਕਿਸੇ ਅਥਾਰਟੀ ਵਿਰੁੱਧ ਜਾਂ ਕਿਸੇ ਨਿਯੋਜਕ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ, ਜਾਂ ਹੋਰ ਕਾਨੂੰਨੀ ਕਾਰਵਾਈ ਹੋ ਸਕੇਗੀ।

ਨਿਯਮ ਬਣਾਉਣ ਦੀ ਸ਼ਕਤੀ।

23. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਐਕਟ ਅਧੀਨ ਬਣਾਏ ਗਏ ਨਿਯਮ, ਜਾਂ ਤਾਂ ਭਾਵੀ ਪ੍ਰਭਾਵ ਨਾਲ ਜਾਂ ਅਤੀਤਦਰਸ਼ੀ ਪ੍ਰਭਾਵ ਨਾਲ ਬਣਾਏ ਜਾ ਸਕਣਗੇ:

ਪਰੰਤੂ ਇਸ ਐਕਟ ਅਧੀਨ ਨਿਯਮ ਅਤੀਤਦਰਸ਼ੀ ਪ੍ਰਭਾਵ ਨਾਲ ਕੇਵਲ ਤਾਂ ਹੀ ਬਣਾਏ ਜਾਣਗੇ ਜੇਕਰ ਉਹ ਜਨਤਕ ਹਿੱਤ ਵਿੱਚ ਬਣਾਏ ਜਾਣੇ ਲੋੜੀਂਦੇ ਹਨ।

(3) ਇਸ ਐਕਟ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਦੇ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁਦੱਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਕ੍ਰਮਵਰਤੀ ਇਜਲਾਸਾਂ ਦੇ ਗੁਜਰਣ ਤੋਂ ਪਹਿਲਾਂ, ਸਦਨ ਉਸ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ

ਉਹ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਨਿਯਮ ਉਸ ਪਿੱਛੋਂ ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ, ਜਾਂ ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ, ਐਪਰ, ਅਜਿਹੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਕੀਤੇ ਜਾਣੋਂ ਛੱਡ ਦਿੱਤੀ ਗਈ ਕਿਸੇ ਵੀ ਗੱਲ ਦੀ ਜਾਇਜਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

24. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨ ਹੋਣ ਵਾਲੇ ਅਜਿਹੇ ਉਪਬੰਧ ਬਣਾ ਸਕੇਗੀ ਜੋ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਪ੍ਰਤੀਤ ਹੋਣ:

ਕਠਨਾਈਆਂ ਨੂੰ ਦੂਰ ਕਰਨ ਦੀ ਸ਼ਕਤੀ।

ਪਰੰਤੂ ਇਸ ਐਕਟ ਦੇ ਨਾਫਜ ਹੋਣ ਦੀ ਤਰੀਕ ਤੋਂ ਤਿੰਨ ਸਾਲਾਂ ਪਿੱਛੋਂ ਅਜਿਹਾ ਕੋਈ ਹੁਕਮ ਜਾਰੀ ਨਹੀਂ ਕੀਤਾ ਜਾਵੇਗਾ।

ਅਨੁਸੂਚੀ

(ਧਾਰਾ 4 ਦੇਖੋ)

| ਲੜੀ ਨੰਬਰ | ਵਿਅਕਤੀਆਂ ਦੀ ਸ਼੍ਰੇਣੀ | ਦਰ |
|---|---|---|
| 1. | ਅਜਿਹੇ ਸਾਰੇ ਵਿਅਕਤੀ ਜੋ ਆਮਦਨ ਕਰ ਐਕਟ, 1961 ਦੇ ਅਨੁਸਾਰ ਤਨਖਾਹਾਂ ਅਤੇ/ਜਾਂ ਉਜਰਤਾਂ ਤੋਂ ਆਮਦਨ ਦੇ ਮੱਦ ਅਧੀਨ ਨਿਰਧਾਰਣਯੋਗ ਹਨ। | 200/- ਰੁਪਏ ਪ੍ਰਤੀ ਮਹੀਨਾ |
| 2. | ਅਜਿਹੇ ਸਾਰੇ ਵਿਅਕਤੀ ਜੋ ਆਮਦਨ ਕਰ ਐਕਟ, 1961 ਦੇ ਅਨੁਸਾਰ ਕਾਰੋਬਾਰ ਅਤੇ/ਜਾਂ ਪੇਸ਼ੇ ਤੋਂ ਆਮਦਨ ਦੇ ਮੱਦ ਅਧੀਨ ਨਿਰਧਾਰਣਯੋਗ ਹਨ। | 200/- ਰੁਪਏ ਪ੍ਰਤੀ ਮਹੀਨਾ |
| 3. | ਲੜੀ ਨੰ: 1 ਅਤੇ 2 ਵਿੱਚ ਉਲਿਖਤ ਸਾਰੇ ਅਜਿਹੇ ਵਿਅਕਤੀ ਜੋ ਇੱਕ ਮੁਸ਼ਤ ਦੇ ਆਧਾਰ ਤੇ ਕਰ ਦੀ ਅਦਾਇਗੀ ਚੁਣਦੇ ਹਨ। | 2200/- ਰੁਪਏ ਸਾਲਾਨਾ ਆਧਾਰ ਤੇ। |

**ਬੀ.ਬੀ.ਐੱਸ. ਤੇਜੀ,**

ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

ਡਿਸਕਲੇਮਰ:– ਇਹ ਤਸਦੀਕਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3845/9-2026/Pb. Govt. Press, S.A.S. Nagar*